CMYB

# ਦੇਸ਼ ਸੇਵਕ ਐਤਵਾਰੀ

ਚੰਡੀਗੜ੍ਹ, ਐਤਵਾਰ, 2 ਮਈ, 2021

ਅੱਜ ਦਾ ਨੌਜਵਾਨ... 2

ਮਹਾਂਮਾਰੀ... 3

# ਪੂਤਿਨ ਦਾ ਭਾਸ਼ਣ ਵਿਸ਼ਵ ’ਚ ਤਾਕਤਾਂ ਦੇ ਤੋਲ ’ਚ ਬਦਲੀ ਦਾ ਸੂਚਕ

ਡਾ. ਸਵਰਾਜ ਸਿੰਘ



ਰੂਸ ਦੇ ਪ੍ਰਧਾਨ ਵਲਾਦੀਮੀਰ ਪੂਤਿਨ ਦਾ ਰੂਸ ਦੀ ਫੈਡਰਲ ਅਸੈਂਬਲੀ ਨੂੰ 21 ਅਪ੍ਰੈਲ ਨੂੰ ਦਿਤਾ ਸਾਲਾਨਾ ਭਾਸ਼ਣ ਮੌਜੂਦਾ ਇਤਿਹਾਸ ਦੀ ਇਕ ਬਹੁਤ ਹੀ ਮਹੱਤਵਪੂਰਣ ਤਕਰੀਰ ਹੈ। ਉਸਨੇ ਪਛਮ ਨੂੰ ਬਹੁਤ ਹੀ ਸਖਤ ਚਿਤਾਵਨੀ ਦਿਤੀ ਹੈ, ਇਸਨੂੰ ਅੰਗਰੇਜ਼ੀ ਵਿਚ ਡਰਾਅ ਏ ਲਾਈਨ ਇਨ ਦੀ ਸੈਂਡ ਜਾਂ ਰੇਤ ਵਿਚ ਲਕੀਰ ਖਿਚ ਦੇਣੀ ਕਿਹਾ ਜਾਂਦਾ ਹੈ। ਭਾਵੇਂ ਕਿ ਅੰਗਰੇਜ਼ੀ ਦੇ ਇਸ ਮੁਹਾਵਰੇ ਦਾ ਹੂ-ਬ-ਹੂ ਪੰਜਾਬੀ ਵਿਚ ਉਲਥਾ ਨਹੀਂ ਕੀਤਾ ਜਾ ਸਕਦਾ, ਪ੍ਰੰਤੂ ਕਈ ਵਾਰੀ ਪੰਜਾਬੀ ਵਿਚ ਵੀ ਅਸੀ ਕਹਿ ਦਿੰਦੇ ਹਾਂ ਕਿ ਲੀਕ ਖਿਚ ਦੇਣੀ ਅਰਥਾਤ ਇਹ ਨਿਸ਼ਚਿਤ ਕਰ ਦਿਤਾ ਕਿ ਅਸੀਂ ਇਨਾਂ ਹੀ ਬਰਦਾਸ਼ਤ ਕਰ ਸਕਦੇ ਹਾਂ ਜੇ ਇਸ ਲਕੀਰ ਨੂੰ ਪਾਰ ਕੀਤਾ ਤਾਂ ਨਤੀਜਾ ਬਹੁਤ ਮਾੜਾ ਨਿਕਲੇਗਾ। ਰੂਸ ਨੇ ਇਹ ਫੈਸਲਾ ਕਰ ਲਿਆ ਹੈ ਕਿ ਉਹ ਪਛਮੀ ਦੇਸਾਂ ਨਾਲ ਨਜਿਠਣ ਦੀ ਨੀਤੀ ਵਿਚ ਬੁਨਿਆਦੀ ਤਬਦੀਲੀ ਲਿਆਏਗਾ। ਹੁਣ ਪਛਮ ਨਾ ਤਾਂ ਰੂਸ ਨੂੰ ਕਿਸੇ ਗੱਲ ਲਈ ਨਾਜਾਇਜ਼ ਦੋਸ਼ੀ ਠਹਿਰਾ ਸਕੇਗਾ, ਨਾ ਉਸਦੀ ਬੇਇਜ਼ਤੀ ਕਰ ਸਕੇਗਾ ਅਤੇ ਨਾ ਹੀ ਰੂਸ ਨੂੰ ਭੜਕਾ ਸਕੇਗਾ। ਜੇ ਉਹ ਅਜਿਹਾ ਕਰਦਾ ਹੈ ਤਾਂ ਉਸ ਨੂੰ ਇਸ ਲਈ ਬਹੁਤ ਹੀ ਭਿਆਨਕ ਸਿੱਟੇ ਭੁਗਤਣੇ ਪੈ ਸਕਦੇ ਹਨ।

ਪਛਮ ਨੇ ਹੁਣ ਤਕ ਰੂਸ ਪ੍ਰਤੀ ਅਜਿਹੀ ਨੀਤੀ ਅਪਨਾਈ ਹੋਈ ਹੈ ਕਿ ਉਹ ਰੂਸ ਦੇ ਰਸੂਖ ਵਾਲੇ ਇਲਾਕੇ ਨੂੰ ਹੌਲੀ ਹੌਲੀ ਕੁਤਰੀ ਜਾ ਰਿਹਾ ਹੈ, ਉਸਨੂੰ ਘੇਰ ਰਿਹਾ ਹੈ, ਉਸ ਨੂੰ ਸੀਮਤ ਕਰੀ ਜਾ ਰਿਹਾ ਹੈ ਅਤੇ ਉਸਨੂੰ ਅਲੱਗ-ਥਲਗ ਕਰ ਰਿਹਾ ਹੈ। ਪ੍ਰੰਤੂ ਰੂਸ ਨਾਲ ਸਿਧੀ ਟਕਰ ਤੋਂ ਗੁਰੇਜ਼ ਕਰ ਰਿਹਾ ਹੈ। ਪੂਤਿਨ ਨੇ ਇਹ ਸਪਸ਼ਟ ਕਰ ਦਿਤਾ ਹੈ ਕਿ ਜੇ ਹੁਣ ਕੋਈ ਰੂਸ ਦੇ ਹਿਤਾਂ ਨੂੰ ਮਿਧਣ ਦਾ ਯਤਨ ਕਰੇਗਾ ਜਾਂ ਰੂਸ ਦੀ ਸੁਰਖਿਆ ਲਈ ਖਤਰਾ ਪੈਦਾ ਕਰੇਗਾ ਤਾਂ ਫਿਰ ਉਹ ਸਮਝ ਲਏ ਕਿ ਰੂਸ ਜਵਾਬ ਵਿਚ ਕਿਸੇ ਵੀ ਹਦ ਤਕ ਜਾ ਸਕਦਾ ਹੈ। ਹੁਣ ਤਕ ਰੂਸ ਦੀ ਨੀਤੀ ਇਹ ਰਹੀ ਹੈ ਕਿ ਜਵਾਬ ਹਿਸਾਬ ਨਾਲ (ਕੈਲਕੂਲੇਟਿਡ) ਅਤੇ ਸਮਤੋਲ ਵਾਲਾ (ਪਰੋਪੋਰਸ਼ਨੇਟ) ਦਿਤਾ ਜਾਏਗਾ। ਇਸ ਨੂੰ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਰੂਸ ਦੇ ਪ੍ਰਤੀਕਰਮ ਦਾ ਅੰਦਾਜ਼ਾ ਲਾਇਆ ਜਾ ਸਕਦਾ ਸੀ, ਜਿਸਨੂੰ ਅੰਗਰੇਜ਼ੀ ਵਿਚ ਪਰਡਿਕਟੇਬਲ ਰੈਂਸਪੌਂਸ ਕਹਿੰਦੇ ਹਨ। ਪੂਤਿਨ ਨੇ ਇਕੋ ਝਟਕੇ ਨਾਲ ਇਸ ਖੇਡ ਦੇ ਨਿਯਮ ਬਿਲਕੁਲ ਬਦਲ ਦਿਤੇ ਹਨ ਅਤੇ ਰੂਸ ਨੇ ਬਚਾਅ ਵਾਲੀ ਪਹੁੰਚ ਡੀਫੈਂਸਿਵ ਅਪਰੋਚ ਤੋਂ ਹਮਲਾਵਰ ਪਹੁੰਚ ਭਾਵ ਔਫੈਂਸਿਵ ਅਪਰੋਚ ਅਪਨਾ ਲਈ ਹੈ। ਹੁਣ ਰੂਸ ਦਾ ਪ੍ਰਤੀਕਰਮ ਨਾ ਕੋਈ ਗਿਣਤੀਆਂ ਮਿਣਤੀਆਂ ਵਾਲਾ ਤੇ ਨਾ ਹੀ ਕਿਸੇ ਸਮਤੋਲ ਵਾਲਾ ਹੋਏਗਾ ਅਤੇ ਨਾ ਹੀ ਦੂਜੇ ਦੇਸ਼ ਉਸਦਾ ਅੰਦਾਜ਼ਾ ਲਾ ਸਕਣਗੇ (ਅਨਪਰਡਿਕੇਟਬਲ)। ਪੂਤਿਨ ਨੇ ਜਾਣ ਬੁਝ ਕੇ ਅਨਿਸ਼ਚਤਾ (ਅਨਸਰਟੇਨਿਟੀ) ਉਤੇ ਜ਼ੋਰ ਦਿਤਾ ਹੈ ਤਾਂ ਜੋ ਪਛਮੀ ਦੇਸ ਫਿਰਕਮੰਦ ਰਹਿਣ ਕਿ ਰੂਸ ਦਾ ਪ੍ਰਤੀਕਰਮ ਕੀ ਹੋ ਸਕਦਾ ਹੈ ਅਤੇ ਰੂਸ ਕਿਸ ਹਦ ਤਕ ਜਾ ਸਕਦਾ ਹੈ। ਇਹ ਹੀ ਕਿਹਾ ਜਾ ਸਕਦਾ ਹੈ ਕਿ ਜੇ ਹੁਣ ਕੋਈ ਦੇਸ ਰੂਸ ਨੂੰ ਭੜਕਾਏਗਾ ਜਾਂ ਰੂਸ ਦੀ ਸੁਰਖਿਆ ਲਈ ਖਤਰਾ ਪੈਦਾ ਕਰੇਗਾ ਤਾਂ ਉਸ ਨੂੰ ਇਹ ਸੋਚਣਾ ਪਏਗਾ ਕਿ ਇਸਦਾ ਬੁਰੇ ਤੋਂ ਬੁਰਾ ਕੀ ਅੰਜਾਮ ਹੋ ਸਕਦਾ ਹੈ। ਕਿਉਂਕਿ ਰੂਸ ਕਿਸੇ ਵੀ ਹਦ ਤੱਕ ਜਾਣ ਨੂੰ ਤਿਆਰ ਹੈ। ਜ਼ਾਹਿਰ ਹੈ ਕਿ ਅਮਲੀ ਤੌਰ ’ਤੇ ਇਸਦਾ ਅਰਥ ਇਹ ਨਿਕਲਦਾ ਹੈ ਕਿ ਰੂਸ ਪ੍ਰਮਾਣੂ ਹਮਲਾ ਕਰਕੇ ਉਸ ਦੇਸ ਜਾਂ ਉਨ੍ਹਾਂ ਦੇਸਾਂ ਨੂੰ ਮੁਕੰਮਲ ਤੌਰ ’ਤੇ ਤਬਾਹ ਕਰ ਸਕਦਾ ਹੈ। ਇਸਨੂੰ ਅੰਗਰੇਜ਼ੀ ਵਿਚ ਰੀਡਿੰਗ ਬਿਟਵੀਨ ਦੀ ਲਾਈਨਜ਼ ਅਰਥਾਤ ਉਹ ਪੜਨਾ ਜੋ ਲਿਖਤ ਵਿਚ ਨਹੀਂ ਆਉਂਦਾ, ਪ੍ਰੰਤੂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਰੂਸ ਦਾ ਇਹ ਡਰਾਵਾ ਯਥਾਰਥ ’ਤੇ ਆਧਾਰਿਤ ਹੈ ਜਾਂ ਰੂਸ ਆਪਣੀ ਸਮਰਥਾ ਨੂੰ ਵਧਾ ਚੜ੍ਹਾ ਕੇ ਪੇਸ਼ ਕਰ ਰਿਹਾ ਹੈ। ਇਥੇ ਇਹ ਦਸਣਾ ਬਣਦਾ ਹੈ ਕਿ ਰੂਸ ਕੋਲ ਨਾ ਸਿਰਫ ਗਿਣਤੀ ਪਖੋਂ ਸਭ ਤੋਂ ਵਧ ਪ੍ਰਮਾਣੂ ਹਥਿਆਰ ਹਨ, ਸਗੋਂ ਤਕਨਾਲੋਜੀ ਪਖੋਂ ਵੀ ਉਸਦੇ ਹਥਿਆਰ ਸਭ ਤੋਂ ਵਧ ਵਿਕਸਿਤ ਹਨ। ਇਸ ਲਈ ਅੱਜ ਕੋਈ ਵੀ ਸੰਸਾਰ ਦਾ ਦੇਸ ਜਾਂ ਦੇਸਾਂ ਦਾ ਸਮੂਹ ਰੂਸ ਦਾ ਪ੍ਰਮਾਣੂ ਹਮਲਾ ਰੋਕਣ ਦੇ ਸਮਰੱਥ ਨਹੀਂ ਹਨ। ਜ਼ਾਹਿਰ ਹੈ ਕਿ ਰੂਸ ਸਚਮੁਚ ਮਰਨ ਮਾਰਨ ਉਤੇ ਆ ਜਾਏ ਤਾਂ ਸੰਸਾਰ ਦਾ ਕੋਈ ਦੇਸ਼ ਜਾਂ ਦੇਸ਼ਾਂ ਦਾ ਸਮੂਹ ਉਸਨੂੰ ਰੋਕ ਨਹੀਂ ਸਕਦੇ। ਸਵਾਲ ਇਹ ਪੈਦਾ ਹੁੰਦਾ ਹੈ ਕਿ ਰੂਸ ਕੋਲ ਤਾਂ ਪ੍ਰਮਾਣੂ ਹਥਿਆਰ ਦਾ ਸਭ ਤੋਂ ਵਡਾ ਜ਼ਖੀਰਾ ਪਹਿਲਾਂ ਵੀ ਸੀ ਅਤੇ ਉਸਦੇ ਪ੍ਰਮਾਣੂ ਹਥਿਆਰ ਪਹਿਲਾਂ ਵੀ ਸਭ ਤੋਂ ਵਿਕਸਿਤ ਸਨ, ਫਿਰ ਹੁਣ ਨਵੀਂ ਗੱਲ ਕੀ ਹੋਈ ਹੈ?

ਪ੍ਰਮਾਣੂ ਹਥਿਆਰ ਵਰਤਣ ਬਾਰੇ ਰੂਸ ਦੀ ਨੀਤੀ ਇਹ ਰਹੀ ਹੈ ਕਿ ਉਹ ਪਹਿਲ ਨਹੀਂ ਕਰੇਗਾ ਅਤੇ ਸਿਰਫ ਆਪਣੇ ਬਚਾਅ ਲਈ ਹੀ ਇਨ੍ਹਾਂ ਨੂੰ ਵਰਤੇਗਾ। ਪ੍ਰੰਤੂ ਪੂਤਿਨ ਨੇ ਇਹ ਸਪਸ਼ਟ ਕਰ ਦਿਤਾ ਹੈ ਕਿ ਹੁਣ ਰੂਸ ਦੀ ਨੀਤੀ ਵਿਚ ਬੁਨਿਆਦੀ ਅਤੇ ਗੁਣਾਤਮਿਕ (ਕੁਆਲੀਟੇਟਿਵ) ਬਦਲਾਅ ਆ ਗਿਆ ਹੈ। ਹੁਣ ਰੂਸ ਨੇ ਇਹ ਸ਼ਰਤ ਵੀ ਜੋੜ ਦਿਤੀ ਹੈ ਕਿ ਉਹ ਪ੍ਰਮਾਣੂ ਹਥਿਆਰ ਵਰਤਣ ਵਿਚ ਪਹਿਲ ਵੀ ਕਰੇਗਾ। ਕਿਉਂਕਿ ਰੂਸ ਦਾ ਇਹ ਕਹਿਣਾ ਕਿ ਰੂਸ ਕਿਸੇ ਹਦ ਤਕ ਜਾ ਸਕਦਾ ਹੈ, ਇਹ ਹੀ ਸੰਕੇਤ ਹੈ ਕਿ ਰੂਸ ਦਾ ਪ੍ਰਤੀਕਰਮ ਕਿਸੇ ਤਰ੍ਹਾਂ ਵੀ ਹੁਣ ਸੀਮਤ ਨਹੀਂ ਹੈ ਅਤੇ ਰੂਸ ਨੇ ਇਹ ਵੀ ਸਪਸ਼ਟ ਕਰ ਦਿਤਾ ਹੈ ਕਿ ਪ੍ਰਮਾਣੂ ਹਥਿਆਰ ਸਿਰਫ ਬਚਾਅ ਲਈ ਹੀ ਨਹੀਂ ਵਰਤੇ ਜਾਣਗੇ ਸਗੋਂ ਹਮਲਾ ਕਰਨ ਲਈ ਵੀ ਵਰਤੇ ਜਾ ਸਕਦੇ ਹਨ। ਪਹਿਲਾਂ ਵਾਲੀ ਸਥਿਤੀ (ਮੈਨੇਜੇਬਲ) ਅਤੇ ਨਿਯੰਤਰਣ ਹੇਠ (ਕੰਟਰੋਲੇਬਲ) ਰਹੇਗੀ। ਇਕ (ਫਰੈਂਡਲੀ ਮੈਚ) ਹੀ ਖੇਡਿਆ ਗਿਆ ਹੈ। ਪ੍ਰੰਤੂ ਹੁਣ ਅਸਲੀ ਟਕਰਾਅ ਹੋ ਸਕਦਾ ਹੈ।



ਪੱਛਮੀ ਦੇਸ਼ਾਂ ਦੀ ਰੂਸ ਪ੍ਰਤੀ ਨੀਤੀ ਦੋਗਲੀ ਅਤੇ ਦੰਭੀ ਰਹੀ ਹੈ। ਉਹ ਰੂਸ ਨੂੰ ਲਗਾਤਾਰ ਇਹ ਕਹਿੰਦੇ ਆਏ ਹਨ ਕਿ ਅਸੀਂ ਆਪਸ ਵਿਚ ਦੋਸਤਾਨਾ ਮੈਚ ਖੇਡ ਰਹੇ ਹਾਂ ਪ੍ਰੰਤੂ ਦਿਲੋਂ ਉਹਨਾਂ ਨੇ ਕਦੇ ਵੀ ਰੂਸ ਨੂੰ ਆਪਣਾ ਦੋਸਤ ਨਹੀਂ ਸਮਝਿਆ, ਸਗੋਂ ਦੁਸ਼ਮਣੀ ਹੀ ਪਾਲੀ ਹੈ। 1970ਵਿਆਂ ਵਿਚ ਬਰੈਜ਼ਨੇਵ ਵੇਲੇ ਇਹ ਅਖੌਤੀ ਦੋਸਤਾਨਾ ਮੈਚ ਡੀਟਾਂਟ ਕਹਿ ਕੇ ਖੇਲ੍ਹਿਆ ਗਿਆ, ਪ੍ਰੰਤੂ ਅਮਰੀਕਾ ਦੀ ਨੀਤ ਸੋਵੀਅਤ ਯੂਨੀਅਨ ਦੀਆਂ ਜੜ੍ਹਾਂ ਵੱਢਣ ਵਾਲੀ ਹੀ ਸੀ। 1985 ਵਿਚ ਗੋਰਬਾਚੋਵ ਸੋਵੀਅਤ ਕਮਿਊਨਿਸਟ ਪਾਰਟੀ ਦਾ ਜਨਰਲ ਸਕਤਰ ਬਣਿਆ ਤਾਂ ਉਸਨੇ ਇਹ ਦੋਸਤਾਨਾ ਮੈਚ ਨੂੰ ਨਵਾਂ ਨਾਮ ਪੈਰਾਸਟਰੋਇਕਾ ਦੇ ਕੇ ਅਮਰੀਕੀ ਨੀਤੀ ਨੂੰ ਸਮਝਣ ਵਿਚ ਮੂਰਖਤਾ ਦੀ ਸਿਖਰ ਹਾਸਲ ਕੀਤੀ ਅਤੇ ਨਤੀਜੇ ਵਜੋਂ ਸੋਵੀਅਨ ਯੂਨੀਅਨ ਢਹਿ ਗਿਆ। ਪੂਤਿਨ ਦਾ ਉਭਾਰ ਹੀ ਇਨ੍ਹਾਂ ਗਲਤ ਨੀਤੀਆਂ ਦੇ ਪ੍ਰਤੀਕਰਮ ਵਜੋਂ ਹੋਇਆ ਹੈ।

ਪੂਤਿਨ ਰੂਸੀ ਲੋਕਾਂ ਦੀਆਂ ਉਨ੍ਹਾਂ ਭਾਵਨਾਵਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜਿਨ੍ਹਾਂ ਅਨੁਸਾਰ ਪਛਮੀ ਦੇਸਾਂ ਨੇ ਰੂਸ ਨਾਲ ਧੋਖਾ ਕੀਤਾ ਹੈ ਅਤੇ ਉਸ ਨੂੰ ਜ਼ਲੀਲ ਕੀਤਾ ਹੈ। ਪੂਤਿਨ ਨੇ ਰੂਸ ਦੀ ਨੀਤੀ ਵਿਚ ਬੁਨਿਆਦੀ ਤਬਦੀਲੀ ਪਹਿਲੀ ਵਾਰੀ ਪ੍ਰਧਾਨ ਬਣਨ ਨਾਲ ਲੈ ਕੇ ਆਂਦੀ। ਉਸਨੇ ਰੂਸ ਦੀ ਨੀਤੀ ਪਛਮ ਤੋਂ ਪੂਰਬ ਵਲ ਝੁਕਾ ਦਿਤੀ। ਉਸਨੇ ਇਹ ਸਪਸ਼ਟ ਕੀਤਾ ਹੈ ਕਿ ਪਛਮੀ ਦੇਸ਼ ਨਾ ਤਾਂ ਰੂਸ ਦੇ ਸਚੇ ਮਿਤਰ ਹਨ ਅਤੇ ਨਾ ਹੀ ਖੈਰਖਾਹ। ਉਸਨੇ ਚੀਨ ਨਾਲ ਆਪਣੇ ਰਿਸ਼ਤੇ ਨੂੰ ਆਪਣੀ ਸਭ ਤੋਂ ਵਡੀ ਪਹਿਲ ਬਣਾਇਆ। ਸੋਵੀਅਤ ਯੂਨੀਅਨ ਦੇ ਢਹਿ ਜਾਣ ਤੋਂ ਬਾਅਦ ਪਛਮੀ ਦੇਸਾਂ ਨਾਲ ਰੂਸ ਦੇ ਰਿਸ਼ਤੇ ਵਿਚ ਆਈ ਖੜੋਤ ਨੂੰ ਉਸਨੇ ਹੁਣ ਪਰੀ ਤਰ੍ਹਾਂ ਤੋੜ ਦਿਤਾ ਹੈ ਅਤੇ ਸਪਸ਼ਟ ਕਰ ਦਿਤਾ ਹੈ ਕਿ ਨਾ ਤੁਸੀਂ ਅਤੇ ਨਾ ਅਸੀਂ ਇਸ ਭਰਮ ਵਿਚ ਰਹੀਏ ਕਿ ਸਾਡੇ ਵਿਚ ਕੋਈ ਦੋਸਤਾਨਾ ਮੈਚ ਹੋ ਰਿਹਾ ਹੈ। ਜੇ ਤੁਸੀਂ ਸਾਡਾ ਵਿਰੋਧ ਕਰੋਗੇ ਤਾਂ ਫਿਰ ਸਾਡੇ ਤੋਂ ਇਹ ਉਮੀਦ ਨਾ ਰਖੋ ਕਿ ਅਸੀਂ ਕਿਸੇ ਤਰ੍ਹਾਂ ਤੁਹਾਡਾ ਲਿਹਾਜ ਕਰਾਂਗੇ।

ਪੂਤਿਨ ਨੇ ਇਹ ਸਪਸ਼ਟ ਕੀਤਾ ਹੈ ਕਿ ਰੂਸ ਵਿਸ਼ਵ ਭਾਈਚਾਰੇ ਦੇ ਇਕ ਜ਼ਿੰਮੇਵਾਰ ਮੈਂਬਰ ਵਾਂਗ ਵਰਤਣਾ ਚਾਹੁੰਦਾ ਹੈ ਅਤੇ ਸੰਸਾਰ ਅਮਨ ਕਾਇਮ ਰਖਣਾ ਚਾਹੁੰਦਾ ਹੈ ਤਾਂ ਜੋ ਹਰ ਕੋਈ ਸੁਰਖਿਅਤ ਮਹਿਸੂਸ ਕਰੇ। ਰੂਸ ਨਾ ਤਾਂ ਹਮਲਾਵਰ ਬਣਨਾ ਚਾਹੁੰਦਾ ਹੈ ਅਤੇ ਨਾ ਧਕੇਸ਼ਾਹ (ਬੁਲੀ) ਬਣਨਾ ਚਾਹੁੰਦਾ ਹੈ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਪਾਲਣਾ ਕਰਨੀ ਚਾਹੁੰਦਾ ਹੈ। ਪ੍ਰੰਤੂ ਉਸਨੇ ਇਹ ਵੀ ਸਪਸ਼ਟ ਕੀਤਾ ਕਿ ਰੂਸ ਕਿਸੇ ਹੋਰ ਦੇਸ ਨੂੰ ਅੰਤਰਰਾਸ਼ਟਰੀ ਕਾਨੂੰਨ ਦੀਆਂ ਧਜੀਆ ਉਡਾਣ ਦੀ ਇਜ਼ਾਜਤ ਨਹੀਂ ਦਏਗਾ।

ਪਿਛਲੀਆਂ ਦੋ ਸਦੀਆਂ ਵਿਚ ਪਛਮੀ ਦੇਸ਼ਾਂ ਨੇ ਸੰਸਾਰ ਉਤੇ ਆਪਣੀ ਮਨਮਾਨੀ ਕੀਤੀ ਹੈ ਅਤੇ ਉਹ ਆਪਣੀ ਮਰਜ਼ੀ ਦੂਸਰਿਆਂ ’ਤੇ ਠੋਸਦੇ ਰਹੇ ਹਨ। ਉਨ੍ਹਾਂ ਨੇ ਦੂਜਿਆਂ ਲਈ ਤਾਂ ਨਿਯਮ ਬਣਾਏ ਪ੍ਰੰਤੂ ਆਪ ਉਨ੍ਹਾਂ ਦੀ ਪਾਲਣਾ ਨਹੀਂ ਕੀਤੀ। ਪ੍ਰੰਤੂ ਹੁਣ ਸਮਾਂ ਬਦਲ ਚੁਕਾ ਹੈ। ਹੁਣ ਪਛਮੀ ਦੇਸ਼ਾਂ ਕੋਲ ਨਾ ਤਾਂ ਇੰਨੀ ਆਰਥਿਕ ਸ਼ਕਤੀ ਹੈ ਅਤੇ ਨਾ ਹੀ ਇੰਨੀ ਫੌਜੀ ਸ਼ਕਤੀ ਕਿ ਉਹ ਦੂਸਰਿਆਂ ਅਤੇ ਖਾਸ ਕਰਕੇ ਰੂਸ ਅਤੇ ਚੀਨ ’ਤੇ ਆਪਣੀ ਮਰਜ਼ੀ ਠੋਸ ਸਕਦੇ ਹਨ। ਕੌੜੀ ਸਚਾਈ ਤਾਂ ਇਹ ਹੈ ਕਿ ਰੂਸ ਅਤੇ ਚੀਨ ਦੀ ਮਿਲਵੀਂ ਸ਼ਕਤੀ ਹੁਣ ਸਾਰੇ ਪਛਮੀ ਦੇਸ਼ਾਂ ਦੀ ਮਿਲਵੀਂ ਸ਼ਕਤੀ ਤੋਂ ਜ਼ਿਆਦਾ ਹੈ ਅਤੇ ਰੂਸ ਅਤੇ ਚੀਨ ਦੀ ਹੁਣ ਯੁਧਨੀਤਕ ਸਾਂਝ (ਸਟਰੈਟਜਿਕ ਪਾਰਟਨਰਸ਼ਿਪ) ਪਕੀ ਹੋ ਚੁਕੀ ਹੈ।

ਨਵੀਆਂ ਸਚਾਈਆਂ ਨੂੰ ਸਵਿਕਾਰਨਾ ਹਮੇਸ਼ਾ ਔਖਾ ਹੁੰਦਾ ਹੈ ਅਤੇ ਪੁਰਾਣੀਆਂ ਆਦਤਾਂ ਨੂੰ ਛਡਣਾ ਵੀ ਬਹੁਤ ਔਖਾ ਹੁੰਦਾ ਹੈ। ਪ੍ਰੰਤੂ ਸਚਾਈ ਨੂੰ ਤਾਂ ਸਵਿਕਾਰ ਕਰਨਾ ਹੀ ਪੈਂਦਾ ਹੈ ਭਾਵੇਂ ਅਜਿਹਾ ਕਰਨਾ ਤੁਹਾਡੇ ਲਈ ਕਿੰਨਾ ਵੀ ਦੁਖਦਾਈ ਕਿਉਂ ਨਾ ਹੋਵੇ। ਕਿਉਂਕਿ ਸਚਾਈ ਨੂੰ ਨਾ ਸਵੀਕਾਰਨਾ ਉਸਤੋਂ ਵੀ ਜ਼ਿਆਦਾ ਦੁਖਦਾਈ ਤੇ ਖਤਰਨਾਕ ਸਾਬਤ ਹੁੰਦਾ ਹੈ। ਇਸ ਲਈ ਜੇ ਅਸੀਂ ਇਹ ਵੀ ਕਹਿ ਲਈਏ ਕਿ ਪਛਮੀ ਦੇਸਾਂ ਕੋਲ ਚੁਣਨ ਲਈ ਦੋਨੋਂ ਹੀ ਮਾੜੀਆਂ ਚੀਜ਼ਾਂ ਹਨ ਤਾਂ ਸਚਾਈ ਸਵੀਕਾਰਨਾ ਦੋਨਾਂ ਚੋਣਾਂ ਵਿਚ ਘਟ ਮਾੜੀ ਚੋਣ ਹੈ। ਕਿਉਂਕਿ ਇਹ ਉਨ੍ਹਾਂ ਲਈ ਘਟ ਖਤਰਨਾਕ ਸਾਬਤ ਹੋਏਗੀ।

ਪੂਤਿਨ ਨੇ ਗਲਬਾਤ ਲਈ ਦਰਵਾਜ਼ੇ ਖੁੱਲ੍ਹੇ ਰਖੇ ਹਨ। ਹੁਣ ਵੀ ਜਾਇਜ਼ ਸਮਝੌਤੇ ਹੋ ਸਕਦੇ ਹਨ। ਪੂਤਿਨ ਅਤੇ ਜੋ ਬਾਇਡਨ ਵਿਚ ਜੂਨ ਵਿਚ ਸਿਖਰ ਸੰਮੇਲਨ ਦੀ ਸੰਭਾਵਨਾ ਹੈ। ਪ੍ਰੰਤੂ ਇਸਦੇ ਸਾਰਿਥਕ ਨਤੀਜੇ ਤਾਂ ਹੀ ਨਿਕਲ ਸਕਦੇ ਹਨ ਜੇ ਅਮਰੀਕਾ ਤੇ ਪਛਮੀ ਦੇਸ ਜਿਸ ਢੰਗ ਨਾਲ ਹੁਣ ਤਕ ਰੂਸ ਨਾਲ ਵਰਤਾਓ ਕਰਦੇ ਆਏ ਹਨ, ਉਸ ਵਿਚ ਉਹ ਬੁਨਿਆਦੀ ਤਬਦੀਲੀ ਲਿਆਉਣ। ਉਹ ਰੂਸ ਵਿਰੁਧ ਸਾਜ਼ਿਸ਼ਾਂ ਰਚਣੀਆਂ ਬੰਦ ਕਰਨ ਅਤੇ ਰੂਸ ’ਤੇ ਨਜਾਇਜ਼ ਇਲਜ਼ਾਮ ਲਾਉਣੇ ਛਡਣ। ਜੇ ਉਹ ਆਪਣੇ ਵਤੀਰੇ ਵਿਚ ਬੁਨਿਆਦੀ ਤਬਦੀਲੀ ਲਿਆਉਣ ਤਾਂ ਹਾਲੇ ਵੀ ਰੂਸ ਨਾਲ ਉਨ੍ਹਾਂ ਦਾ ਭਿਆਨਕ ਟਕਰਾਅ ਟਾਲਿਆ ਜਾ ਸਕਦਾ ਹੈ। ਜੇ ਉਨ੍ਹਾਂ ਨੇ ਅਜਿਹਾ ਨਾ ਕੀਤਾ ਅਤੇ ਆਪਣੀਆਂ ਪੁਰਾਣੀਆਂ ਨੀਤੀਆਂ ਜਾਰੀ ਰਖੀਆਂ ਤਾਂ ਪੂਤਿਨ ਨੇ ਇਹ ਸਪਸ਼ਟ ਕਰ ਦਿਤਾ ਹੈ ਕਿ ਉਨ੍ਹਾਂ ਨੂੰ ਬਹੁਤ ਹੀ ਭਿਆਨਕ ਨਤੀਜੇ ਭੁਗਤਣੇ ਪੈ ਸਕਦੇ ਹਨ। ਪੂਤਿਨ ਨੇ ਤਾਂ ਲੀਕ ਖਿਚ ਦਿਤੀ ਹੈ, ਜੇ ਉਹ ਉਸਨੂੰ ਪਾਰ ਕਰਨ ਤੋਂ ਬਾਜ਼ ਨਹੀਂ ਆਉਂਦੇ ਤਾਂ ਜਿਸ ਪਧਰ ਦੀ ਉਨ੍ਹਾਂ ਦੀ ਅਤੇ ਸੰਸਾਰ ਦੀ ਤਬਾਹੀ ਹੋ ਸਕਦੀ ਹੈ, ਇਸਦੀ ਸ਼ਾਇਦ ਉਹ ਕਲਪਨਾ ਵੀ ਨਹੀਂ ਕਰ ਸਕਦੇ।

ਪਛਮੀ ਦੇਸਾਂ ਦੀ ਮੁਖ ਸਮਸਿਆ ਉਨ੍ਹਾਂ ਦਾ ਹੰਕਾਰ ਹੈ, ਜਿਸਨੂੰ ਅੰਗਰੇਜ਼ੀ ਵਿਚ ਵੈਸਟਰਨ ਔਰੈਗੈਂਸ ਕਿਹਾ ਜਾ ਸਕਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਪਛਮੀ ਦੇਸ ਆਪਣਾ ਹੰਕਾਰ ਛਡ ਦੇਣ। ਹੰਕਾਰ ਅਗਿਆਨਤਾ ਵਲ ਨੂੰ ਧਕਦਾ ਹੈ। ਪਛਮੀ ਦੇਸਾਂ ਦਾ ਹੰਕਾਰ ਹੀ ਉਨ੍ਹਾਂ ਨੂੰ ਆਪਣੀ ਸਚਾਈ ਅਤੇ ਦੁਨੀਆ ਦੀ ਸਚਾਈ ਨੂੰ ਸਮਝਣ ਵਿਚ ਸਭ ਤੋਂ ਵਡੀ ਰੁਕਾਵਟ ਬਣਿਆ ਹੋਇਆ ਹੈ। ਉਨ੍ਹਾਂ ਦੀ ਮਾਨਸਿਕਤਾ ਉਨੀਵੀਂ ਅਤੇ ਵੀਹਵੀਂ ਸਦੀਆਂ ਵਿਚ ਜਾਮ ਹੋ ਗਈ ਹੈ (ਫਰੀਜ਼)। ਇਹ ਦੋ, ਉਨ੍ਹਾਂ ਦੀਆਂ ਸਦੀਆਂ ਸਨ। ਪ੍ਰੰਤੂ ਇਕੀਵੀਂ ਸਦੀ ਪੂਰਬ ਦੀ ਸਦੀ ਹੈ। ਪਿਛਲੀਆਂ ਦੋ ਸਦੀਆਂ ਵਿਚ ਪਛਮੀ ਹੰਕਾਰ ਨੇ ਸੰਸਾਰ ਦਾ ਬਹੁਤ ਵਡਾ ਨੁਕਸਾਨ ਕੀਤਾ ਹੈ ਅਤੇ ਇਹ ਉਨ੍ਹਾਂ ਦੀਆਂ ਹੰਕਾਰੀ ਨੀਤੀਆਂ ਦਾ ਹੀ ਨਤੀਜਾ ਹੈ ਕਿ ਅੱਜ ਸੰਸਾਰ ਪੂਰਨ ਤਬਾਹੀ ਦੇ ਕੰਢੇ ’ਤੇ ਖੜਾ ਹੈ। ਜਿਥੇ ਪਛਮੀ ਸੋਚ ਹੰਕਾਰ ’ਤੇ ਅਧਾਰਿਤ ਸੀ, ਉਥੇ ਪੂਰਬ ਦੀ ਸੋਚ ਨਿਮਰਤਾ ’ਤੇ ਅਧਾਰਿਤ ਹੈ। ਜਿਥੇ ਹੰਕਾਰ ਦਾ ਸਾਥੀ ਅਗਿਆਨ ਹੁੰਦਾ ਹੈ, ਉਥੇ ਨਿਮਰਤਾ ਦਾ ਸਾਥ ਗਿਆਨ ਦਿੰਦਾ ਹੈ। ਨਵੇਂ ਯੁਗ ਵਿਚ ਹੰਕਾਰ ਲਈ ਕੋਈ ਥਾਂ ਨਹੀਂ ਹੈ।

-ਮੋਬਾ: 98153-08460

# ਚਲਨ ਹੋਵੇ ਜਾਂ ਰੀਤ ਸਵਾਲ ਉਠਾਉਣਾ ਜ਼ਰੂਰੀ !

ਡਾ. ਹਰਸ਼ਿੰਦਰ ਕੌਰ

ਪਰੰਪਰਾ ਕਿਵੇਂ ਬਣਦੀ ਹੈ?



ਫੌਜ ਵਿਚ ਵਾਪਰੀ ਅਸਲ ਘਟਨਾ ਬਾਰੇ ਜ਼ਿਕਰ ਕਰਨਾ ਚਾਹੁੰਦੀ ਹਾਂ। ਇਕ ਨਵਾਂ ਕਮਾਂਡਰ ਆਪਣੀ ਯੂਨਿਟ ਦਾ ਗੇੜਾ ਕੱਢਣ ਲਈ ਤੁਰਿਆ ਤਾਂ ਉਸ ਨੇ ਇਕ ਖਾਲੀ ਬੈਂਚ ਕੋਲ ਦੋ ਫੌਜੀ ਖੜ੍ਹੇ ਵੇਖੇ। ਪੁੱਛਣ ਉੱਤੇ ਪਤਾ ਲੱਗਿਆ ਕਿ ਪਿਛਲੇ ਕਮਾਂਡਰ ਨੇ ਉਨ੍ਹਾਂ ਦੀ ਡਿਊਟੀ ਏਥੇ ਲਾਈ ਸੀ। ਸੋ ਪੂਰੇ ਦਿਨ ਰਾਤ ਦੌਰਾਨ 6 ਬੰਦੇ ਵਾਰੋ ਵਾਰੀ ਉੱਥੇ ਖੜ੍ਹੇ ਹੋਣ ਦੀ ਡਿਊਟੀ ਭੁਗਤਾ ਰਹੇ ਸਨ।

ਕਮਾਂਡਰ ਨੇ ਆਪਣੇ ਤੋਂ ਪਹਿਲਾਂ ਵਾਲੇ ਕਮਾਂਡਰ ਦਾ ਫ਼ੋਨ ਨੰਬਰ ਪਤਾ ਕਰਵਾ ਕੇ ਉਸ ਕੋਲੋਂ ਇਸ ਡਿਊਟੀ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗਿਆ ਕਿ ਇਹ ਡਿਊਟੀ ਉਸ ਤੋਂ ਪਿਛਲੇ ਕਮਾਂਡਰ ਨੇ ਲਾਈ ਹੋਈ ਸੀ, ਸੋ ਉਸ ਨੇ ਅਗਾਂਹ ਤੋਰ ਦਿੱਤੀ। ਮੌਜੂਦਾ ਕਮਾਂਡਰ ਨੇ ਉਸ ਤੋਂ ਪਿਛਲੇ ਕਮਾਂਡਰ ਦੇ ਫ਼ੋਨ ਨੰਬਰ ਬਾਰੇ ਪਤਾ ਕਰਵਾ ਕੇ ਉਸ ਕੋਲੋਂ ਪਤਾ ਕੀਤਾ ਤਾਂ ਉਸ ਦਾ ਵੀ ਇਹੀ ਜਵਾਬ ਸੀ। ਕਰਦੇ ਕਰਾਉਂਦੇ ਤਿੰਨ ਹੋਰ ਕਮਾਂਡਰਾਂ ਪਿੱਛੇ ਤੱਕ ਗੱਲ ਪਹੁੰਚ ਗਈ ਪਰ ਸਭ ਦਾ ਇੱਕੋ ਜਵਾਬ ਸੀ ਕਿ ਪਿਛਲੇ ਕਮਾਂਡਰ ਦਾ ਹੁਕਮ ਅਗਾਂਹ ਤੋਰਿਆ ਜਾ ਰਿਹਾ ਸੀ। ਅਖ਼ੀਰ ਜਿਸ ਕਮਾਂਡਰ ’ਤੇ ਗੱਲ ਜਾ ਕੇ ਰੁਕੀ, ਉਸ ਦੀ ਉਮਰ 100 ਵਰ੍ਹੇ ਪਹੁੰਚ ਚੁੱਕੀ ਹੋਈ ਸੀ। ਉਸ ਦੇ ਘਰ ਜਾ ਕੇ ਜਦੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਸ ਨੂੰ ਕੁੱਝ ਯਾਦ ਨਹੀਂ ਸੀ। ਉਸ ਨੂੰ ਉਸ ਥਾਂ ਦੀਆਂ ਫੋਟੋਆਂ ਵਿਖਾਈਆਂ ਗਈਆਂ ਤਾਂ ਉਸ ਚੇਤੇ ਕਰ ਕੇ ਕਿਹਾ,“ਓ ਹੋ, ਮੇਰੀ ਰਿਟਾਇਰਮੈਂਟ ਤੋਂ ਇੱਕ ਦਿਨ ਪਹਿਲਾਂ ਇਹ ਬੈਂਚ ਪੇਂਟ ਕੀਤਾ ਗਿਆ ਸੀ। ਉਸ ਦਿਨ ਦੋ ਫੌਜੀਆਂ ਦੀ ਡਿਊਟੀ ਲਾ ਦਿੱਤੀ ਸੀ ਕਿ ਕੋਈ ਗ਼ਲਤੀ ਨਾਲ ਉਸ ਉੱਤੇ ਪੇਂਟ ਸੁੱਕ ਜਾਣ ਤੋਂ ਪਹਿਲਾਂ ਬਹਿ ਨਾ ਜਾਏ। ਪਰ ਮੌਜੂਦਾ ਤਸਵੀਰ ਦਸ ਰਹੀ ਹੈ ਕਿ ਹੁਣ ਵੀ ਦੋ ਫੌਜੀ ਤੈਨਾਤ ਹਨ। ਕੀ ਦੁਬਾਰਾ ਪੇਂਟ ਕੀਤਾ ਗਿਆ ਹੈ ਕਿ ਹਾਲੇ ਤੱਕ ਪੁਰਾਣਾ ਪੇਂਟ ਹੀ ਸੁੱਕਿਆ ਨਹੀਂ?”

ਇਸ ਘਟਨਾ ਤੋਂ ਸੌਖਿਆਂ ਹੀ ਸਮਝ ਆ ਜਾਂਦੀ ਹੈ ਕਿ ਕਿਸੇ ਇੱਕ ਦੀ ਸੋਚ ਤੋਂ ਉਪਜੀ ਕੋਈ ਗੱਲ ਕਿਵੇਂ ਪਰੰਪਰਾ ਬਣ ਕੇ ਅਗਾਂਹ ਤੁਰਦੀ ਰਹਿੰਦੀ ਹੈ।

ਬਹੁਤੇ ਲੋਕ ਅੱਖਾਂ ਮੀਟ ਕੇ ਉਹੀ ਗੱਲ ਅਗਾਂਹ ਤੋਰਦੇ ਰਹਿੰਦੇ ਹਨ ਤੇ ਉਸ ਬਾਰੇ ਕੁੱਝ ਸੋਚਣ ਸਮਝਣ ਦੀ ਹਿਮਾਕਤ ਨਹੀਂ ਕਰਦੇ। ਇਸ ਪਿੱਛੇ ਮਨੋਵਿਗਿਆਨਿਕ ਕਾਰਨ ਹੈ।

ਆਪਣੇ ਕੰਮ ਨਾਲ ਮਕਸਦ ਰੱਖ ਕੇ ਵੱਡੀ ਗਿਣਤੀ ਲੋਕਾਂ ਦੇ ਕਿੰਤੂ ਪਰੰਤੂ ਤੋਂ ਬਚਣ ਲਈ ਤੇ ਵਿਰੋਧ ਤੋਂ ਡਰਦਿਆਂ ਲੋਕ ਅੱਖਾਂ ਬੰਦ ਕਰ ਕੇ ਪਰੰਪਰਾ ਅਗਾਂਹ ਤੋਰੀ ਰੱਖਦੇ ਹਨ ਭਾਵੇਂ ਉੱਕਾ ਹੀ ਫ਼ਿਜ਼ੂਲ ਜਾਂ ਬੇਮਾਅਨੇ ਹੋਵੇ।

ਬਹੁਤੀਆਂ ਧਾਰਮਿਕ ਰੀਤ ਰਿਵਾਜ਼ਾਂ ਨਾਲ ਜੁੜੀਆਂ ਹੁੰਦੀਆਂ ਹਨ। ਕੁੱਝ ਟੱਬਰਾਂ ਵਿਚ, ਕੁੱਝ ਪ੍ਰਜਾਤੀਆਂ ਵਿਚ ਤਾਂ ਕੁੱਝ ਪੂਜਾ ਕਰਨ ਦੇ ਢੰਗ ਬੰਨ੍ਹ ਦਿੱਤੇ ਗਏ ਹੋਏ ਹਨ ਜਿਨ੍ਹਾਂ ਬਾਰੇ ਕੁੱਝ ਪਤਾ ਕਰਨ ਜਾਂ ਡੂੰਘਿਆਈ ਬਾਰੇ ਜਾਨਣ ਵਾਲੇ ਨੂੰ ਅੱਡ ਸੋਚ ਦਾ ਕਹਿ ਕੇ ਉਸ ਵਿਰੁੱਧ ਬਗ਼ਾਵਤ ਕਰਨ ਦਾ ਇਲਜ਼ਾਮ ਲਾ ਦਿੱਤਾ ਜਾਂਦਾ ਹੈ।

ਸਭ ਨਾਲੋਂ ਟੁੱਟ ਜਾਣ ਦੇ ਡਰ ਖੁਣੋਂ ਜਾਂ ਫ਼ਿਜ਼ੂਲ ਦੀ ਬਹਿਸ ਤੋਂ ਬਚਣ ਲਈ ਬਹੁਤੇ ਜਣੇ ਹਾਰ ਮੰਨ ਕੇ ਵਾਪਸ ਉਹੀ ਕੁੱਝ ਕਰਨ ਲੱਗ ਪੈਂਦੇ ਹਨ ਜਾਂ ਚੁੱਪ ਕਰ ਕੇ ਬਾਕੀਆਂ ਨੂੰ ਕਰਦੇ ਵੇਖਦੇ ਰਹਿੰਦੇ ਹਨ।

ਜਿਹੜਾ ਜਣਾ ਹਿੰਮਤ ਕਰ ਕੇ ਡਟਿਆ ਰਹੇ ਤੇ ਪਰੰਪਰਾ ਵਿਚਲੇ ਗ਼ਲਤ ਅੰਸ਼ ਲੱਭ ਕੇ, ਉਨ੍ਹਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕਰੇ, ਉਹ ਹਮੇਸ਼ਾ ਪਰੰਪਰਾ ਨੂੰ ਅੱਗੇ ਚਲਦੀ ਰੱਖਣ ਵਾਲਿਆਂ ਦੀਆਂ ਨਜ਼ਰਾਂ ਵਿਚ ਰੜਕਦਾ ਹੋਇਆ ਕੰਡਾ ਜਾਪਦਾ ਹੈ।

ਬਥੇਰੀ ਵਾਰ ਅਜਿਹੇ ਲੋਕ ਕਤਲ ਕਰ ਦਿੱਤੇ ਜਾਂਦੇ ਹਨ ਪਰ ਸਮਾਂ ਲੰਘ ਜਾਣ ਉੱਤੇ ਉਹ ਅਗਲੀ ਪੀੜ੍ਹੀ ਦੇ ਵੱਡੀ ਗਿਣਤੀ ਸੂਝਵਾਨ ਨੌਜਵਾਨਾਂ ਵਿਚ ਉਸ ਸਮੇਂ ਦੇ ਹੀਰੋ ਵਜੋਂ ਉਭਰਦੇ ਹਨ।

ਕਿਸੇ ਚਲਨ ਨੂੰ ਤੋੜਨਾ ਸੌਖਾ ਨਹੀਂ ਹੁੰਦਾ। ਵਿਰੋਧ ਕਰਨ ਦੇ ਢੰਗ ਉੱਤੇ ਕਾਫੀ ਕੁੱਝ ਨਿਰਭਰ ਕਰਦਾ ਹੈ। ਬਹੁਤੇ ਘਰਾਂ ਵਿਚ ਬੱਚੇ ਮਾਪਿਆਂ ਨੂੰ ਉਂਜ ਕਰਦੇ ਵੇਖ ਕੇ ਹੀ ਅੱਗੇ ਉਸੇ ਤਰ੍ਹਾਂ ਕਰਦੇ ਰਹਿੰਦੇ ਹਨ ਤੇ ਉਨ੍ਹਾਂ ਦੀ ਅਗਲੀ ਪੁਸ਼ਤ ਵੀ ਉਹੀ ਕੁੱਝ ਕਰਨ ਲੱਗ ਪੈਂਦੀ ਹੈ। ਇਸ ਤਰ੍ਹਾਂ ਤਰਕ ਮਨਫ਼ੀ ਹੋ ਜਾਂਦੀ ਹੈ ਤੇ ਅਜਿਹੀ ਪਰੰਪਰਾ ਪਕਿਆਈ ਫੜ ਲੈਂਦੀ ਹੈ।

ਮਿਸਾਲ ਵਜੋਂ ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਸੂਰਜ ਨੂੰ ਪਾਣੀ ਪਾਉਂਦਿਆਂ ਵੇਖ ਕੇ ਜਿਹੜੀ ਜੁਗਤ ਵਰਤ ਕੇ ਸਦੀਆਂ ਪੁਰਾਣੀ ਪਰੰਪਰਾ ਨੂੰ ਤੋੜਨ ਦੀ ਕੋਸ਼ਿਸ਼ ਕੀਤੀ, ਉਹ ਬੇਮਿਸਾਲ ਹੈ। ਜਿਸ ਠਰ੍ਹੰਮੇ ਨਾਲ ਤਰਕ ਦੇ ਆਧਾਰ ਉੱਤੇ ਮਿਸਾਲ ਦਿੱਤੀ ਕਿ ਉਨ੍ਹਾਂ ਦੇ ਖੇਤਾਂ ਤੱਕ ਤਾਂ ਪਾਣੀ ਪਹੁੰਚ ਨਹੀਂ ਸਕਦਾ ਫੇਰ ਸੂਰਜ ਤੱਕ ਕਿਵੇਂ ਪਹੁੰਚੇਗਾ, ਅਨੇਕ ਲੋਕਾਂ ਦੇ ਮਨਾਂ ਵਿਚ ਘਰ ਕਰ ਗਈ। ਆਮ ਲੋਕਾਂ ਵਿੱਚੋਂ ਬਹੁਤ ਜਣੇ ਉਸ ਪਰੰਪਰਾ ਵਿੱਚੋਂ ਨਿਕਲੇ ਪਰ ਉਸੇ ਪਰੰਪਰਾ ਵਿੱਚੋਂ ਕਮਾਈ ਦਾ ਸਾਧਨ ਖੁੱਸ ਜਾਣ ਦੇ ਡਰੋਂ ਅਜਿਹੀ ਸੋਚ ਅਗਾਂਹ ਤੋਰਨ ਵਾਲਿਆਂ ਨੇ ਗੁਰੂ ਸਾਹਿਬ ਨੂੰ ਕੁਰਾਹੀਆ ਤੱਕ ਕਹਿ ਦਿੱਤਾ।

ਇਕ ਮਿਸਾਲ ਹੋਰ ਲਈਏ। ਕਿਸੇ ਆਗੂ ਦੇ ਪੈਰ ਵਿਚ ਨੁਕਸ ਹੋਣ ਕਰ ਕੇ ਉਹ ਖੜ੍ਹੇ ਹੋਣ ਦੀ ਥਾਂ ਬਹਿ ਕੇ ਪ੍ਰਵਚਨ ਕਰੇ ਤੇ ਅਗਲਾ ਗੱਦੀ ਨਸ਼ੀਨ ਉਸੇ ਤਰ੍ਹਾਂ ਹੀ ਬੈਠਣ ਦੀ ਪ੍ਰਥਾ ਜਾਰੀ ਰੱਖੇ ਤਾਂ ਸਮਝੋ ਇਹ ਚਲਨ ਪਰੰਪਰਾ ਹੀ ਬਣ ਗਈ ਕਿ ਹਰ ਅਗਲਾ ਗੱਦੀ ਨਸ਼ੀਨ ਖੜ੍ਹੇ ਹੋਣ ਦੀ ਥਾਂ ਬੈਠ ਕੇ ਹੀ ਲੋਕਾਂ ਨੂੰ ਆਪਣੇ ਨਾਲ ਜੋੜੀ ਰੱਖਣ ਦਾ ਕੰਮ ਕਰੇਗਾ।

ਹੱਥ ਸੁੱਚੇ ਕਰਨ ਦੀ ਮਿਸਾਲ ਵੀ ਲਈਏ। ਹੱਥ ਨੂੰ ਧੋ ਲੈਣ ਨੂੰ ਹੀ ਸਹੂਲਤ ਮੰਨਦਿਆਂ ਕੁੱਝ ਜਣਿਆਂ ਨੇ ਇਸ ਪ੍ਰਥਾ ਨੂੰ ਹੱਥ ਸੁੱਚੇ ਕਰਨਾ ਮੰਨ ਲਿਆ ਤੇ ਇਹੀ ਸੋਚ ਵੱਡੇ ਪੱਧਰ ਉੱਤੇ ਫੈਲਾ ਦਿੱਤੀ ਗਈ। ਅਸਲ ਵਿਚ ਹੱਥ ਸੁੱਚਾ ਕਰਨ ਦਾ ਮਤਲਬ ਸੀ ਕਿਰਤ ਕਰਨੀ। ਇੰਜ ਹੀ ਮੂੰਹ ਸੁੱਚਾ, ਸੱਚ ਤੇ ਮਿੱਠਾ ਬੋਲਣ ਨਾਲ ਹੋਣਾ ਸੀ। ਮਨ ਵਿੱਚੋਂ ਕ੍ਰੋਧ, ਲੋਭ, ਹੰਕਾਰ ਮਨਫ਼ੀ ਨਾ ਕਰ ਸਕਣ ਵਾਲੇ, ਤੇ ਹੱਥੀਂ ਕੰਮ ਨਾ ਕਰਨ ਵਾਲੇ ਅਜਿਹਾ ਆਪ ਨਾ ਕਰ ਸਕਣ ਸਦਕਾ ਸਭ ਨੂੰ ਹੱਥ ਧੋਣ, ਬੂਟ, ਜਰਾਬਾਂ, ਪੈਰ ਧੋਣ ਆਦਿ ਵਿਚ ਰੋਲ ਕੇ ਉਸੇ ਆਮ ਚਲਨ ਨੂੰ ਪਰੰਪਰਾ ਬਣਾਉਣ ਵੱਲ ਜ਼ੋਰ ਲਾਉਂਦੇ ਹਨ।

ਬਹੁਤੇ ਧਾਰਮਿਕ ਚਲਨ ਪਰੰਪਰਾਵਾਂ ਬਣ ਕੇ ਬੰਦੇ ਨੂੰ ਆਰਥਕ ਤੇ ਮਾਨਸਿਕ ਪੱਖੋਂ ਕਮਜ਼ੋਰ ਕਰ ਦਿੰਦੀਆਂ ਹਨ ਤੇ ਜ਼ਮੀਰ ਤੱਕ ਵੇਚਣ ਉੱਤੇ ਮਜਬੂਰ ਕਰ ਦਿੰਦੀਆਂ ਹਨ।

ਧਾਰਮਿਕ ਅਡੰਬਰਾਂ, ਗ਼ਲਤ ਰੀਤ ਰਿਵਾਜ਼ਾਂ ਤੇ ਬੇਬੁਨਿਆਦ ਪਰੰਪਰਾਵਾਂ ਵਿਰੁੱਧ ਗੁਰੂ ਨਾਨਕ ਸਾਹਿਬ ਨੇ ਬਹੁਤ ਜ਼ੋਰਦਾਰ ਆਵਾਜ਼ ਚੁੱਕੀ ਸੀ। ਇਸ ਸਭ ਦੇ ਬਾਵਜੂਦ ਇਨ੍ਹਾਂ ਅਡੰਬਰਾਂ ਨੂੰ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤਾ ਜਾ ਸਕਿਆ।

ਆਮ ਇਨਸਾਨ ਦੀ ਨਕਲ ਮਾਰਨ ਦੀ ਆਦਤ ਤੇ ਬਾਕੀਆਂ ਨਾਲੋਂ ਵੱਖ ਸੋਚ ਉਜਾਗਰ ਹੋ ਜਾਣ ਉੱਤੇ ਹੋਏ ਵਿਰੋਧ ਤੋਂ ਡਰਦਿਆਂ ਵੱਡੀ ਪੱਧਰ ਉੱਤੇ ਪਰੰਪਰਾਵਾਂ ਤੁਰਦੀਆਂ ਰਹਿੰਦੀਆਂ ਹਨ। ਇਹ ਖੋਜ ਕੈਰੋਲਿੰਸਕਾ ਇੰਸਟੀਚਿਊਟ ਵਿਚ ਹੋਈ ਤੇ ਜਰਨਲ ਔਫ਼ ਐਕਸਪੈਰੀਮੈਂਟਲ ਸਾਈਕੋਲੋਜੀ ਵਿਚ ਛਪੀ।



ਉਸ ਵਿਚ ਪੰਛੀਆਂ ਉੱਤੇ ਕੀਤੀ ਖੋਜ ਰਾਹੀਂ ਪੁਸ਼ਟੀ ਕੀਤੀ ਕਿ ਜਦੋਂ ਇਕਦਮ ਆਏ ਖ਼ਤਰੇ ਤੋਂ ਬਚਣਾ ਹੋਵੇ, ਤਾਂ ਚਿੜੀਆਂ ਦਾ ਪੂਰਾ ਝੁੰਡ ਹੀ ਇਕਦਮ ਉੱਡ ਜਾਂਦਾ ਹੈ। ਕੋਈ ਵੀ ਉੱਥੇ ਟਿਕੀ ਨਹੀਂ ਰਹਿੰਦੀ। ਜੇ ਇਨ੍ਹਾਂ ਵਿੱਚੋਂ ਕੁੱਝ ਨੂੰ ਟਰੇਨ ਕਰ ਦਿੱਤਾ ਜਾਵੇ ਤਾਂ ਉਹ ਚਿੜੀਆਂ ਖ਼ਤਰੇ ਦੀ ਡਿਗਰੀ ਭਾਂਪ ਕੇ ਟਿਕੀਆਂ ਵੀ ਰਹਿ ਸਕਦੀਆਂ ਹਨ ਜਾਂ ਉੱਡ ਵੀ ਸਕਦੀਆਂ ਹਨ। ਬਾਕੀ ਦੀਆਂ ਚਿੜੀਆਂ ਦੇ ਬੋਟ ਹਲਕੀ ਆਵਾਜ਼ ਜਾਂ ਹਰਕਤ ਨਾਲ ਵੀ ਆਪਣੇ ਮਾਪਿਆਂ ਵੱਲੋਂ ਮਿਲੀ ਸਿੱਖਿਆ ਅਨੁਸਾਰ ਝਟਪਟ ਉੱਡ ਜਾਂਦੇ ਹਨ।

ਇੰਜ ਹੀ ਇਨਸਾਨਾਂ ਵਿੱਚ ਹੁੰਦਾ ਹੈ। ਦੂਜਿਆਂ ਨੂੰ ਵੇਖ ਕੇ ਸਿੱਖਣਾ, ਖ਼ਾਸ ਕਰ ਇੱਕੋ ਭੀੜ ਦਾ ਹਿੱਸਾ ਬਣ ਕੇ ਕਿਸੇ ਖ਼ਤਰੇ ਤੋਂ ਬਚ ਕੇ ਰਹਿਣਾ ਹੀ ਬਹੁਤੇ ਲੋਕਾਂ ਦਾ ਕੰਮ ਹੁੰਦਾ ਹੈ। ਇਸੇ ਲਈ ਪਰੰਪਰਾਵਾਂ ਜ਼ਿਆਦਾ ਲੰਮੇ ਸਮੇਂ ਤਕ ਚੱਲਦੀਆਂ ਰਹਿੰਦੀਆਂ ਹਨ ਕਿਉਂਕਿ ਉਨ੍ਹਾਂ ਦਾ ਕਿੰਤੂ ਪਰੰਤੂ ਨਹੀਂ ਹੁੰਦਾ।

ਖੋਜੀ ਐਂਡਰੀਆਸ ਨੇ ਇਕ ਵੱਖ ਕਿਸਮ ਦੀ ਖੋਜ ਕੀਤੀ। ਉਸ ਨੇ ਆਪਣੀ ਟੀਮ ਨਾਲ ਰਲ ਕੇ 120 ਬੰਦੇ ਇਕੱਠੇ ਕੀਤੇ। ਹਰ ਕਿਸੇ ਨੂੰ ਇਕ ਸਵਾਲ ਪਾਇਆ ਗਿਆ ਜਿਸ ਦੇ ਚਾਰ ਜਵਾਬਾਂ ਵਿੱਚੋਂ ਇੱਕ ਸਹੀ ਜਵਾਬ ਲੱਭਣਾ ਸੀ। ਸਭ ਨੂੰ ਇਹ ਸਮਝਾਇਆ ਗਿਆ ਕਿ ਗਲਤ ਜਵਾਬ ਦਾ ਬਟਨ ਦੱਬਣ ਉੱਤੇ ਮਸ਼ੀਨ ਵਿੱਚੋਂ ਤਗੜਾ ਕਰੰਟ ਦਾ ਝਟਕਾ ਲੱਗਦਾ ਹੈ। ਇਸੇ ਲਈ ਜਾਂ ਸਹੀ ਜਵਾਬ ਦਾ ਬਟਨ ਦੱਬੋ ਤੇ ਜੇ ਜਵਾਬ ਦਾ ਪਤਾ ਨਹੀਂ ਤਾਂ ਬਟਨ ਨਾ ਦੱਬੋ। ਅਜਿਹਾ ਦੱਸਣ ਤੋਂ ਬਾਅਦ ਉਨ੍ਹਾਂ ਸਾਰਿਆਂ ਨੂੰ ਇੱਕ ਫ਼ਿਲਮ ਵਿਖਾਈ ਗਈ ਜਿਸ ਵਿਚ ਲੋਕਾਂ ਨੂੰ ਗ਼ਲਤ ਬਟਨ ਦੱਬਣ ਨਾਲ ਕਰੰਟ ਲੱਗ ਰਿਹਾ ਸੀ।

ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਕਰੰਟ ਦਾ ਝਟਕਾ ਮਹਿਸੂਸ ਨਹੀਂ ਕਰਵਾਇਆ ਗਿਆ। ਯਾਨੀ ਸਿਰਫ਼ ਫ਼ਿਲਮ ਰਾਹੀਂ ਹੀ ਉਨ੍ਹਾਂ ਦੇ ਮਨਾਂ ਨੇ ਪਕਿਆਈ ਫੜੀ। ਉਸ ਤੋਂ ਬਾਅਦ ਜਦੋਂ ਮਸ਼ੀਨ ਅੱਗੇ ਸਾਰਿਆਂ ਨੂੰ ਬਿਠਾਇਆ ਗਿਆ ਤਾਂ ਮਸ਼ੀਨ ਵਿਚ ਕਰੰਟ ਲਾਇਆ ਹੀ ਨਹੀਂ ਗਿਆ। ਸਿਰਫ਼ ਡਰਾਵੇ ਦੇ ਅਸਰ ਅਧੀਨ ਜਿਨ੍ਹਾਂ ਨੂੰ ਸਵਾਲ ਦਾ ਜਵਾਬ ਪਤਾ ਵੀ ਸੀ, ਉਨ੍ਹਾਂ ਵੀ ਫਿਲਮ ਦੇ ਅਸਰ ਸਦਕਾ ਕੋਈ ਬਟਨ ਦੱਬਿਆ ਹੀ ਨਹੀਂ।

ਫੇਰ ਉਨ੍ਹਾਂ ਨੂੰ ਦੂਜੀ ਫਿਲਮ ਵਿਚ ਹਰ ਕਿਸੇ ਨੂੰ ਪਹਿਲਾ ਬਟਨ ਦੱਬਦਿਆਂ ਵਿਖਾਇਆ ਗਿਆ ਜਿਸ ਨਾਲ ਕਿਸੇ ਨੂੰ ਕਰੰਟ ਲੱਗਿਆ ਹੀ ਨਹੀਂ। ਉਸ ਤੋਂ ਬਾਅਦ 95 ਫੀਸਦੀ ਨੇ ਪਹਿਲਾ ਬਟਨ ਦੱਬਿਆ। ਜਵਾਬ ਗਲਤ ਹੋਣ ਦੇ ਬਾਵਜੂਦ 95 ਫੀਸਦੀ ਨੇ ਕਰੰਟ ਤੋਂ ਡਰਦਿਆਂ ਪਹਿਲਾ ਬਟਨ ਹੀ ਦੱਬਿਆ।

ਉਸ ਤੋਂ ਬਾਅਦ ਸਭ ਨੂੰ ਸਹੀ ਜਵਾਬ ਦੇਣ ਉੱਤੇ ਫਿਲਮ ਦੀ ਮੁਫ਼ਤ ਟਿਕਟ ਦੇਣ ਦਾ ਲਾਲਚ ਦਿੱਤਾ। ਇਸ ਤੋਂ ਬਾਅਦ ਵੀ 60 ਫੀਸਦੀ ਨੇ ਪਹਿਲਾ ਯਾਨੀ ਗ਼ਲਤ ਬਟਨ ਹੀ ਦੱਬਿਆ।

ਇਸ ਤੋਂ ਇਹ ਨਤੀਜਾ ਕੱਢਿਆ ਗਿਆ ਕਿ ਇਹੋ ਕੁੱਝ ਰਵਾਇਤਾਂ ਨਾਲ ਹੁੰਦਾ ਹੈ। ਜਦੋਂ ਮਾਪੇ, ਰਿਸ਼ਤੇਦਾਰ ਜਾਂ ਝੁੰਡ ਵਿਚਲੇ ਲੋਕਾਂ ਨੂੰ ਕਿਸੇ ਪੁਰਾਣੇ ਡਰਾਵੇ ਅਧੀਨ ਗੱਲ ਸਮਝਾਈ ਜਾਵੇ ਤਾਂ 95 ਫੀਸਦੀ ਬਿਨਾਂ ਸੋਚੇ ਸਮਝੇ ਉਹੀ ਗੱਲ ਅਗਾਂਹ ਤੋਰਦੇ ਰਹਿੰਦੇ ਹਨ। ਮਿਸਾਲ ਵਜੋਂ ਪਿਤਰਾਂ ਨੂੰ ਰੋਟੀ ਪਹੁੰਚਾਉਣੀ, ਰਾਹੂ ਕੇਤੂ ਦਾ ਕਹਿਰ, ਆਦਿ।

ਜਿੱਥੇ ਅਗਾਂਹ ਵਧਣ ਦਾ ਲਾਲਚ ਵੱਡਾ ਹੋ ਜਾਵੇ ਤੇ ਡਰਾਵੇ ਦਾ ਅਸਰ ਘੱਟ ਦਿਸੇ ਤਾਂ 40 ਫੀਸਦੀ ਲੋਕ ਤਬਦੀਲੀ ਵਲ ਝੁਕਾਓ ਰੱਖਦੇ ਹਨ ਪਰ ਜ਼ਰੂਰੀ ਨੁਕਤਾ ਇਹ ਹੈ ਕਿ ਉੱਥੇ ਵੀ 60 ਫੀਸਦੀ ਅਣਦੇਖੇ ਡਰ ਨੂੰ ਦਿਲ ਵਿਚ ਸਾਂਭੀ ਰੱਖਦੇ ਹਨ। ਇਸੇ ਲਈ ਰਵਾਇਤਾਂ ਖ਼ਤਮ ਕਰਨੀਆਂ ਬਹੁਤ ਹੀ ਔਖੀਆਂ ਹੁੰਦੀਆਂ ਹਨ।

ਉਦਾਹਰਣ ਵਜੋਂ, ਇੱਕੋ ਹੀ ਚੰਨ ਪੂਰੀ ਦੁਨੀਆ ਵਿਚ ਦਿਸਦਾ ਹੈ। ਸਿਰਫ਼ ਭਾਰਤ ਵਿਚ ਹੀ ਉਸ ਨਾਲ ਇਕ ਦਿਨ ਜੋੜ ਕੇ ਪਤੀ ਦੀ ਲੰਮੀ ਉਮਰ ਦੀ ਕਾਮਨਾ ਕੀਤੀ ਜਾਂਦੀ ਹੈ। ਇਹ ਨਹੀਂ ਕਿ ਉਸ ਦਿਨ ਦੀ ਪੂਜਾ ਨਾਲ ਕਦੇ ਕਿਸੇ ਪਤੀ ਦੀ ਮੌਤ ਨਾ ਹੋਈ ਹੋਵੇ। ਇਹ ਵੀ ਪਤਾ ਹੈ ਕਿ ਦੁਨੀਆ ਦੇ ਹੋਰ ਸਾਰੇ ਹਿੱਸਿਆਂ ਵਿਚ ਪਤੀ ਇਸ ਦਿਨ ਦੇ ਪਤਨੀਆਂ ਦੇ ਵਰਤ ਤੋਂ ਬਗ਼ੈਰ ਵੀ ਲੰਮੀ ਜ਼ਿੰਦਗੀ ਭੋਗਦੇ ਹਨ। ਜਿਹੜੇ ਅਣਵਿਆਹੇ ਹਨ, ਉਹ ਵੀ 90 ਵਰ੍ਹਿਆਂ ਤਕ ਤੰਦਰੁਸਤ ਵੇਖੇ ਗਏ ਹਨ। ਪਰ, ਸਦੀਆਂ ਪੁਰਾਣਾ ਡਰ, ਪਰੰਪਰਾ ਨੂੰ ਉਸੇ ਤਰੀਕੇ ਅਗਾਂਹ ਤੋਰਨ ਵਿਚ ਸਹਾਈ ਹੋ ਰਿਹਾ ਹੈ।

ਬਿਲਕੁਲ ਇੰਜ ਹੀ ਜਦੋਂ ਚਾਰ ਕਾਲੇ ਕਪੜੇ ਪਾਏ ਲੋਕਾਂ ਦਾ ਐਕਸੀਡੈਂਟ ਹੋ ਜਾਏ ਤੇ ਅੱਗੋਂ ਇਹ ਵਹਿਮ ਫੈਲਾ ਦਿੱਤਾ ਜਾਏ ਕਿ ਕਾਲਾ ਕਪੜਾ ਨਹਿਸ਼ ਹੈ, ਤਾਂ ਬਿਨਾਂ ਸੋਚੇ ਸਮਝੇ ਇਹੋ ਸੋਚ ਪੁਸ਼ਤ-ਦਰ-ਪੁਸ਼ਤ ਪਕਿਆਈ ਫੜਦੀ ਜਾਂਦੀ ਹੈ। ਇਨ੍ਹਾਂ ਵਿੱਚੋਂ ਹੀ ਕਿਸੇ ਇਕ ਜਣੇ ਨੂੰ ਜਦੋਂ ਕਾਲੇ ਕਪੜੇ ਪਾਉਣ ਬਾਅਦ ਕਿਸੇ ਸ਼ੋਅ ਵਿਚ ਇਨਾਮ ਹਾਸਲ ਹੋ ਜਾਏ ਤਾਂ ਇਹ ਵਹਿਮ ਉਸ ਟੱਬਰ ਵਿੱਚੋਂ ਮਨਫ਼ੀ ਹੋ ਜਾਂਦਾ ਹੈ।

ਇਸੇ ਤਰ੍ਹਾਂ ਕਿਸੇ ਖਾਣ ਵਾਲੀ ਚੀਜ਼, ਕਿਸੇ ਖ਼ਾਸ ਦਿਨ, ਮੱਸਿਆ ਸੰਗਰਾਂਦ ਆਦਿ ਨਾਲ ਜੁੜੀਆਂ ਪਰੰਪਰਾਵਾਂ ਦਾ ਹਾਲ ਹੈ।

ਸਵੀਡਿਸ਼ ਰਿਸਰਚ ਕਾਊਂਸਲ ਤੇ ਯੂਰੋਪੀਅਨ ਰਿਸਰਚ ਕਾਊਂਸਲ ਵੱਲੋਂ ਕਰਵਾਈ ਗਈ ਇਸ ਖੋਜ ਵਿਚ ਸਪਸ਼ਟ ਕਰ ਦਿੱਤਾ ਗਿਆ ਕਿ ਕਿਸੇ ਇਕ ਜਣੇ ਵੱਲੋਂ ਬਣਾਈ ਗਈ ਪਰੰਪਰਾ ਜਦੋਂ ਲਾਈ ਲੱਗ ਲੋਕਾਂ ਵੱਲੋਂ ਬਿਨਾਂ ਸੋਚੇ ਸਮਝੇ ਅਪਨਾ ਲਈ ਗਈ ਹੋਵੇ ਤਾਂ ਉਹੀ ਬੰਦਾ ਉਸ ਪਰੰਪਰਾ ਨੂੰ ਅਗਾਂਹ ਤੋਰੀ ਰੱਖਣ ਲਈ ਕਈ ਹੋਰ ਤਰ੍ਹਾਂ ਦੀਆਂ ਮਨਘੜਤ ਕਹਾਣੀਆਂ ਵੀ ਨਾਲ ਹੀ ਜੋੜ ਲੈਂਦਾ ਹੈ। ਇਸ ਤਰ੍ਹਾਂ ਜਦੋਂ ਵੱਡੀ ਗਿਣਤੀ ਆਮ ਲੋਕ ਭੇਡ ਚਾਲ ਵਾਂਗ ਜੁੜਦੇ ਰਹਿਣ ਤੇ ਕੋਈ ਇਕ ਜਣਾ ਤਰਕ ਨਾਲ ਗੱਲ ਕਰ ਕੇ ਇਸ ਤਰ੍ਹਾਂ ਦੇ ਵਹਿਮ ਦਾ ਖੰਡਨ ਕਰਨਾ ਚਾਹੇ ਤਾਂ ਉਸ ਨੂੰ ਕੁਰਾਹੀਆ ਕਹਿ ਕੇ ਪਰ੍ਹਾਂ ਧੱਕ ਦਿੱਤਾ ਜਾਂਦਾ ਹੈ।

ਹਰ ਮੁਲਕ ਵਿਚ ਵੱਖ ਰਿਵਾਜ਼ ਬਣ ਚੁੱਕੇ ਹੋਏ ਹਨ। ਕਿਸੇ ਥਾਂ ਚਿੱਟਾ ਕਪੜਾ ਅਫ਼ਸੋਸ ਕਰਨ ਵੇਲੇ ਪਾਇਆ ਜਾਂਦਾ ਹੈ ਤੇ ਕਿਸੇ ਥਾਂ ਵਿਆਹ ਮੌਕੇ। ਇਸ ਤਰ੍ਹਾਂ ਦੀਆਂ ਸਾਰੀਆਂ ਰਵਾਇਤਾਂ ਬਣਾਉਣ ਵਾਲਾ ਕੋਈ ਇੱਕ ਬੰਦਾ ਹੀ ਹੁੰਦਾ ਹੈ ਜਿਸ ਨੂੰ ਅਗਾਂਹ ਤੋਰਨ ਵਾਲੇ ਇਸ ਨੂੰ ਕਮਾਈ ਦਾ ਜ਼ਰੀਆ ਬਣਾ ਕੇ ਪਕਿਆਈ ਕਰੀ ਜਾਂਦੇ ਹਨ।

ਇਸੇ ਹੀ ਤਰ੍ਹਾਂ ਕਿਸੇ ਇੱਕ ਦਰਖ਼ਤ ਵਿਚ ਭੂਤ ਹੋਣ ਦਾ ਰੌਲਾ ਪਾ ਕੇ ਉਸ ਦਾ ਉਪਾਅ ਕਰਨ ਵਾਲੇ ਆਪਣੀ ਰੋਜ਼ੀ ਰੋਟੀ ਚਲਾ ਲੈਂਦੇ ਹਨ।

ਮਰਨ ਵੇਲੇ ਦੇ ਜਾਂ ਵਿਆਹ ਮੌਕੇ ਦੇ ਰਿਵਾਜ਼ ਕਿਤੇ ਅਸਮਾਨੋਂ ਨਹੀਂ ਸਨ ਡਿੱਗੇ। ਇਨ੍ਹਾਂ ਨੂੰ ਬਣਾਉਣ ਵਾਲਾ ਵੱਖੋ-ਵੱਖ ਮੁਲਕਾਂ ਵਿਚ ਕੋਈ ਇੱਕ ਬੰਦਾ ਜਾਂ ਕੁੱਝ ਬੰਦਿਆਂ ਦਾ ਗਰੁੱਪ ਹੀ ਹੁੰਦਾ ਹੈ। ਉਸ ਗਰੁੱਪ ਵਿਚ ਹੋਰ ਸ਼ਾਮਲ ਹੁੰਦੇ ਜਾਂਦੇ ਬੰਦਿਆਂ ਦਾ ਇੱਕੋ ਕੰਮ ਹੁੰਦਾ ਹੈ ਕਿ ਉਸ ਪਰੰਪਰਾ ਨੂੰ ਅਗਾਂਹ ਤੋਰਨਾ ਹੈ।

ਵਿਸ਼ਵ ਪੱਧਰੀ ਮਨੋਵਿਗਿਆਨੀਆਂ ਨੇ ਤਾਂ ਸਪਸ਼ਟ ਕਰ ਦਿੱਤਾ ਹੈ ਕਿ ਪਰੰਪਰਾਵਾਂ ਨੂੰ ਉੱਕਾ ਹੀ ਖ਼ਤਮ ਕਰ ਦੇਣਾ ਲਗਭਗ ਨਾਮੁਮਕਿਨ ਹੈ ਕਿਉਂਕਿ ਉਹ ਡਰ ਤੇ ਨਾਸਮਝੀ ਉੱਤੇ ਆਧਾਰਿਤ ਹੁੰਦੀਆਂ ਹਨ। ਪਰ ਇੱਕ ਚਾਨਣ ਦੀ ਕਿਰਨ ਜ਼ਰੂਰ ਖੋਜਾਂ ਰਾਹੀਂ ਸਾਹਮਣੇ ਆਈ ਹੈ ਕਿ ਅਗਾਂਹ ਵਧਣ ਦਾ ਲਾਲਚ, ਕੁੱਝ ਪ੍ਰਸਿੱਧੀ ਹਾਸਲ ਕਰਨ ਲਈ ਜਾਂ ਥਾਂ ਤੇ ਮੁਲਕ ਬਦਲਣ ਨਾਲ ਪੁਰਾਣੀਆਂ ਪਰੰਪਰਾਵਾਂ ਛੰਡੀਆਂ ਜਾਂਦੀਆਂ ਹਨ। ਇਹ ਹੁਣ ਉਸ ਬੰਦੇ ਉੱਤੇ ਨਿਰਭਰ ਹੈ ਜੋ ਇਸ ਘੇਰੇ ਵਿੱਚੋਂ ਨਿਕਲ ਕੇ ਹੋਰ ਮੁਲਕ ਦੇ ਦੂਜੇ ਤਰ੍ਹਾਂ ਦੇ ਰੀਤ ਰਿਵਾਜ਼ਾਂ ਵਿਚ ਫਸ ਜਾਂਦਾ ਹੈ ਜਾਂ ਬਚਿਆ ਰਹਿ ਸਕਦਾ ਹੈ।

ਅੰਤ ਵਿਚ ਇੱਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਜਿਹੜੀਆਂ ਪਰੰਪਰਾਵਾਂ ਮਨੁੱਖੀ ਹੱਕਾਂ ਦਾ ਘਾਣ ਕਰਦੀਆਂ ਹੋਣ ਜਾਂ ਗ਼ਰੀਬ ਦੀ ਲੁੱਟ ਖਸੁੱਟ ਦਾ ਕਾਰਨ ਬਣਦੀਆਂ ਹੋਣ, ਉਨ੍ਹਾਂ ਦਾ ਹਰ ਹਾਲ ਸਮਝਦਾਰ ਤੇ ਤਰਕ ਕਰਨ ਵਾਲਿਆਂ ਨੂੰ ਅਤੇ ਵਿਗਿਆਨਿਕ ਸੋਚ ਵਾਲਿਆਂ ਨੂੰ ਵਿਰੋਧ ਕਰਨਾ ਚਾਹੀਦਾ ਹੈ ਜਾਂ ਆਪ ਹੀ ਅਜਿਹੀਆਂ ਪਰੰਪਰਾਵਾਂ ਤੋਂ ਕਿਨਾਰਾ ਕਰ ਲੈਣਾ ਚਾਹੀਦਾ ਹੈ।

ਸੋਚਣ ਵਾਲੀ ਸਿਰਫ਼ ਇਹ ਗੱਲ ਹੈ ਕਿ ਸਦੀਆਂ ਤਕ ਚੱਲੀ ਸਤੀ ਪ੍ਰਥਾ, ਦੇਵਦਾਸੀ ਪ੍ਰਥਾ, ਚੁੜੇਲ ਪ੍ਰਥਾ, ਵਿਧਵਾਵਾਂ ਨਾਲ ਜਾਨਵਰਾਂ ਵਾਂਗ ਸਲੂਕ ਕਰਨ ਦੀ ਪ੍ਰਥਾ, ਆਦਿ ਚਲਾਉਣ ਵਾਲੇ ਕੌਣ ਸਨ? ਉਨ੍ਹਾਂ ਪਰੰਪਰਾਵਾਂ ਨੂੰ ਵੀ ਗ਼ਲਤ ਮੰਨ ਕੇ ਤੇ ਉਸ ਨੂੰ ਔਰਤਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਮੰਨਦਿਆਂ ਅਖ਼ੀਰ ਬੰਦ ਕੀਤਾ ਹੀ ਗਿਆ!

ਬਰੂਨੋ ਨੇ ਵੀ ਸਦੀਆਂ ਤੋਂ ਮੰਨੀ ਗਈ ਸੋਚ ਕਿ ‘ਧਰਤੀ ਖੜ੍ਹੀ ਹੈ’ ਨੂੰ ਗਲਤ ਸਾਬਤ ਕਰ ਕੇ ਜਦੋਂ ਸਮਝਾਇਆ ਸੀ ਕਿ ਧਰਤੀ ਸੂਰਜ ਦੇ ਦੁਆਲੇ ਘੁੰਮਦੀ ਹੈ ਤਾਂ ਉਸ ਨੂੰ ਗਿਰਜਾਘਰ ਵੱਲੋਂ ਦਿੱਤੇ ਹੁਕਮ ਅਧੀਨ ਸਾੜ ਦਿੱਤਾ ਗਿਆ ਸੀ। ਪਰ ਅਖ਼ੀਰ ਸੱਚ ਸਭ ਦੇ ਸਾਹਮਣੇ ਆ ਹੀ ਗਿਆ।

ਫੋਨ ਨੰ: 0175-2216783

CMYB

# ਅੱਜ ਦਾ ਨੌਜਵਾਨ ਤੇ ਸੋਸ਼ਲ ਮੀਡੀਆ

ਵਿਜੈ ਗਰਗ

ਅੱਜ ਸਾਡੇ ਸਮਾਜ ਵਿੱਚ ਹਰ ਦਿਨ ਚੰਗਾ-ਮਾੜਾ ਜੋ ਵੀ ਵਾਪਰਦਾ ਹੈ, ਉਸ ਨੂੰ ਸੋਸ਼ਲ ਮੀਡੀਆ ਰਾਹੀਂ ਲੋਕਾਂ ਅਤੇ ਸਰਕਾਰਾਂ ਤੱਕ ਅਸਾਨੀ ਨਾਲ ਪਹੁੰਚਾਇਆ ਜਾ ਸਕਦਾ ਹੈ ਅਤੇ ਆਪਣੇ ਵਿਚਾਰਾਂ ਨੂੰ ਦੂਸਰਿਆਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ। ਨਾਲ ਹੀ ਦੁਨੀਆ ਭਰ ਦੀ ਕਿਸੇ ਵੀ ਕਿਸਮ ਦੀ ਜਾਣਕਾਰੀ ਪ੍ਰਾਪਤ ਕਰਨਾ ਬਹੁਤ ਅਸਾਨ ਹੋ ਗਿਆ ਹੈ ਅਤੇ ਆਪਣੀ ਕਲਾ ਨੂੰ ਅੱਗੇ ਲਿਜਾਣ ਲਈ ਵੀ ਸੋਸ਼ਲ ਮੀਡੀਆ ਇਕ ਵਧੀਆ ਮੰਚ ਹੈ, ਪਰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਧਰਮ, ਜਾਤ-ਪਾਤ ਆਦਿ ਦੇ ਨਾਂ 'ਤੇ ਨਿੱਤ-ਨਵੀਆਂ ਭਾਵਨਾਵਾਂ ਭੜਕਾਊ ਅਫਵਾਹਾਂ ਫੈਲਾਈਆਂ ਜਾਣੀਆਂ ਚਿੰਤਾ ਦਾ ਵਿਸ਼ਾ ਹਨ।

ਸੋਸ਼ਲ ਮੀਡੀਆ ਇਨਸਾਨੀ ਦਿਮਾਗ 'ਤੇ ਇਨ੍ਹਾਂ ਭਾਰੂ ਹੋ ਗਿਆ ਹੈ ਕਿ ਇਸ ਤੋਂ ਵੱਖਰੀ ਹੋਂਦ ਦੀ ਮਨੁੱਖ ਕਲਪਨਾ ਵੀ ਨਹੀਂ ਕਰ ਸਕਦਾ। ਫੇਸ ਬੁੱਕ, ਵੱਟਸਐਪ, ਟਵਿੱਟਰ, ਸਨੈਪਚੈਟ ਤੇ ਇੰਸਟਾਗਰਾਮ ਨੇ ਪੂਰੇ ਸੰਸਾਰ ਨੂੰ ਇਕ ਪਿੰਡ ਵਿੱਚ ਬਦਲ ਕੇ ਰੱਖ ਦਿੱਤਾ ਹੈ। ਸੋਸ਼ਲ ਮੀਡੀਆ ਦੀ ਹੱਦੋਂ ਵੱਧ ਵਰਤੋਂ ਮਨੁੱਖ ਅੰਦਰ ਤਣਾਓ ਦਾ ਕਾਰਨ ਬਣ ਰਹੀ ਹੈ ਅਤੇ ਇਹ ਤਣਾਓ ਅੱਗੇ ਜਾ ਕੇ ਮਾਨਸਿਕ ਬਿਮਾਰੀਆਂ ਦਾ ਰੂਪ ਧਾਰਨ ਕਰ ਲੈਂਦਾ ਹੈ। ਸੋਸ਼ਲ ਮੀਡੀਆ ਨੇ ਮਨੁੱਖ ਨੂੰ ਭਾਵਨਾਤਮਕ ਤੌਰ 'ਤੇ ਕਮਜ਼ੋਰ ਕਰ ਦਿੱਤਾ ਹੈ। ਮਨੁੱਖ ਆਏ ਦਿਨ ਸੋਸ਼ਲ ਮੀਡੀਆ 'ਤੇ ਰਿਸ਼ਤੇ ਬਣਾ ਅਤੇ ਤੋੜ ਰਿਹਾ ਹੈ। ਵਰਤਮਾਨ ਸਮੇਂ ਵਿਚ ਸੋਸ਼ਲ ਮੀਡੀਆ 'ਤੇ ਹੁੰਦਾ ਰਿਸ਼ਤਿਆਂ ਦਾ ਘਾਣ ਨਿੱਤ ਦਾ ਵਰਤਾਰਾ ਬਣ ਕੇ ਰਹਿ ਗਿਆ ਹੈ। ਕਈ ਵਾਰ ਮਨੁੱਖ ਸੋਸ਼ਲ ਮੀਡੀਆ ਦੀ ਵਰਤੋਂ ਕਾਰਨ ਰਿਸ਼ਤਿਆਂ ਵਿੱਚ ਆਈ ਟੁੱਟ-ਭੱਜ ਤੋਂ, ਮਾਨਸਿਕ ਤੌਰ 'ਤੇ ਇੰਨਾਂ ਪ੍ਰੇਸ਼ਾਨ ਹੋ ਜਾਂਦਾ ਹੈ ਕਿ ਉਹ ਆਤਮਹੱਤਿਆ ਕਰਨ ਤੱਕ ਚਲਾ ਜਾਂਦਾ



ਹਰ ਚੀਜ਼ ਦੇ ਦੋਵੇਂ ਪੱਖ ਹੁੰਦੇ ਹਨ, ਜਿਵੇਂ ਚਾਕੂ-ਸਬਜ਼ੀ ਕੱਟਣ ਲਈ ਵਰਦਾਨ, ਕਤਲ ਕਰਨ ਲਈ ਸਰਾਪ। ਇਵੇਂ ਹੀ ਸੋਸ਼ਲ ਮੀਡੀਏ ਦੇ ਵੀ ਦੋਵੇਂ ਪੱਖ ਹਨ। ਇਸ ਕਾਰਨ ਸਾਡੇ ਗਿਆਨ 'ਚ ਅਥਾਹ ਵਾਧਾ ਹੁੰਦਾ ਹੈ। ਐਨਾ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ, ਜਿਸ ਬਾਰੇ ਕਦੇ ਸੋਚਿਆ ਵੀ ਨਹੀਂ ਹੁੰਦਾ ਅਤੇ ਨਾ ਹੀ ਅਜਿਹੀਆਂ ਕੰਮ ਦੀਆਂ ਗੱਲਾਂ ਕਦੇ ਕਿਤਾਬਾਂ 'ਚੋਂ ਪੜ੍ਹੀਆਂ ਹੁੰਦੀਆਂ ਹਨ। ਨੈਤਿਕ ਸਿੱਖਿਆ, ਚੰਗੇ ਵਿਚਾਰ, ਵਿਗਿਆਨਕ ਕਾਢਾਂ, ਆਧੁਨਿਕ ਤਕਨੀਕ, ਇਤਿਹਾਸ, ਸੱਭਿਆਚਾਰਕ, ਵਿਰਸਾ, ਦੇਸ਼-ਵਿਦੇਸ਼ ਦੀਆਂ ਤਾਜ਼ਾ ਘਟਨਾਵਾਂ ਅਤੇ ਹੋਰ ਪਤਾ ਨਹੀਂ ਕੀ ਕੁਝ। ਇਸ ਤਰ੍ਹਾਂ ਬਹੁਮੁੱਲਾ ਗਿਆਨ ਸਾਨੂੰ ਸੋਸ਼ਲ ਮੀਡੀਏ ਰਾਹੀਂ ਮਿਲਦਾ ਹੈ। ਇਹ ਬੌਧਿਕ ਗਿਆਨ ਵਧਾਉਣ ਦਾ ਬਹੁਤ ਵਧੀਆ ਅਤੇ ਸਸਤਾ ਸਾਧਨ ਹੈ। ਦੂਜੇ ਪਾਸੇ ਇਸ ਰਾਹੀਂ ਕਈ ਤਰ੍ਹਾਂ ਦਾ ਕੂੜ ਪ੍ਰਚਾਰ, ਗੈਰ-ਵਿਗਿਆਨਕ ਗੱਲਾਂ, ਭੜਕਾਊ ਵੀਡੀਓ, ਅਸ਼ਲੀਲਤਾ ਅਤੇ ਕਈ ਤੱਥ-ਹੀਣ ਸੂਚਨਾਵਾਂ ਮਿਲ ਜਾਂਦੀਆਂ ਹਨ। ਕਈ ਸੂਚਨਾਵਾਂ, ਪ੍ਰਚਾਰ ਆਦਿ ਬਹੁਤ ਵਾਰ ਮਨੁੱਖੀ ਭਾਵਨਾਵਾਂ ਨੂੰ ਭੜਕਾਉਣ ਅਤੇ ਮਨੁੱਖ ਦੀ ਸੋਚ ਨੂੰ ਗੁੰਮਰਾਹ ਕਰਨ ਦੀ ਦਿਸ਼ਾ 'ਚ ਲੈ ਜਾਂਦਾ ਹੈ।

ਸੋਸ਼ਲ ਮੀਡੀਆ ਦੇ ਫਾਇਦੇ ਤੇ ਨੁਕਸਾਨ ਦੋਵੇਂ ਹੀ ਅੰਤਾਂ ਦੇ ਹਨ। ਜੇਕਰ ਅਸੀ ਕਿਸੇ ਪ੍ਰਕਾਰ ਦੀ ਕੋਈ ਵੀ ਜਾਣਕਾਰੀ ਹਾਸਿਲ ਕਰਨੀ ਹੋਵੇ ਤਾ ਸੋਸ਼ਲ ਮੀਡੀਆ ਸਾਨੂੰ ਮਿੰਟਾਂ-ਸਕਿੰਟਾਂ ਵਿੱਚ ਅਣਮੁੱਲੀ ਜਾਣਕਾਰੀ ਸਿਰਫ ਸਾਡੀ ਇੱਕ ਕਲਿੱਕ ਨਾਲ ਦੇ ਦਿੰਦਾ ਹੈ। ਸ਼ੋਸਲ ਮੀਡੀਆ ਹੈਰਾਨੀਜਨਕ ਜਾਣਕਾਰੀ ਦਾ ਸਰੋਤ ਹੈ। ਨੁਕਸਾਨ ਵੀ ਸੋਸ਼ਲ ਮੀਡੀਆ ਦੇ ਘੱਟ ਨਹੀਂ ਹਨ। ਜਦੋਂ ਕਿਤੇ ਦੁਨੀਆਂ ਦੇ ਕਿਸੇ ਹਿੱਸੇ ਵਿੱਚ ਬਦਅਮਨੀ ਫੈਲਦੀ ਹੈ ਤਾਂ ਸਭ ਤੋਂ ਪਹਿਲਾਂ ਸਰਕਾਰਾਂ ਸੋਸ਼ਲ ਮੀਡੀਆ ਉੱਤੇ ਪਬੰਦੀ ਲਗਾਉਂਦੀ ਹੈ, ਕਿਉਂਕਿ ਇਸ ਦੀ ਵਰਤੋਂ ਅਪਰਾਧ-ਬਿਰਤੀ ਵਾਲੇ ਇਨਸਾਨ ਵੀ ਬਹੁਤ ਕਰਦੇ ਹਨ। ਸ਼ੋਸ਼ਲ ਮੀਡੀਆ 'ਤੇ ਅਜਿਹੇ ਸਰਗਨਾ ਹਮੇਸ਼ਾ ਸਰਗਰਮ ਰਹਿੰਦੇ ਹਨ ਜਿਹੜੇ ਕਿ ਸਮਾਜ ਤੇ ਰਾਜ ਲਈ ਹਰ ਪੱਖੋਂ ਘਾਤਕ ਹਨ। ਸੋਸ਼ਲ ਮੀਡੀਆ ਸਸਤਾ ਹੋਣ ਕਾਰਨ ਲਗਭਗ ਹਰ ਇਨਸਾਨ ਇਸ ਦੀ ਵਰਤੋ ਬੇਵਕਤ ਅਤੇ ਬੇਲੋੜੀ ਕਰਕੇ ਆਪਣਾ ਕੀਮਤੀ ਸਮਾਂ ਤੇ ਆਪਣੇ ਪਰਿਵਾਰ ਰਿਸ਼ਤਿਆਂ ਨੂੰ ਬਰਬਾਦ ਕਰ ਰਿਹਾ ਹੈ। ਬਹੁਤ ਸਾਰੇ ਸੁਨੇਹੇ, ਸ਼ੁਭਕਾਮਨਾਵਾਂ, ਸਿਰਫ ਇਸ ਜ਼ਰੀਏ ਹੀ ਦਿੱਤੀਆਂ ਜਾ ਰਹੀਆਂ ਹਨ। ਸੋਸ਼ਲ ਮੀਡੀਆ ਕਿਸੇ ਨੂੰ ਵੀ ਜਵਾਬਦੇਹ ਨਹੀ ਹੈ। ਇਸ ਲਈ ਇਸ ਉਤੇ ਭੜਕਾਊ, ਮਨਘੜਤ ਖਬਰਾਂ ਚੱਲਦੀਆਂ ਰਹਿੰਦੀਆਂ ਹਨ। ਇਹ ਅੱਜ ਸਾਡਾ ਕੀਮਤੀ ਸਮਾਂ ਖਾ ਰਿਹਾ ਹੈ।

ਕਈ ਵਾਰ ਤਾਂ ਲਗਦਾ ਹੈ ਕਿ ਸੋਸ਼ਲ ਮੀਡੀਆ ਦਾ ਸਾਡੇ ਲਈ ਫਾਇਦੇ ਤੋਂ ਵੱਧ ਨੁਕਸਾਨ ਹੈ। ਸਾਨੂੰ ਸੋਸ਼ਲ ਮੀਡੀਆ ਤੋਂ ਗਿਆਨ ਲੈਣ ਦੀ ਲੋੜ ਹੈ ਨਾ ਕਿ ਉਸ ਦੀ ਗਲਤ ਢੰਗ ਨਾਲ ਵਰਤੋਂ ਕਰਕੇ ਲੋਕਾਂ ਨੂੰ ਪ੍ਰੇਸ਼ਾਨ ਕਰਨਾ ਚਾਹੀਦਾ। ਉਂਝ ਕਿਸੇ ਵੀ ਚੀਜ ਦੇ ਜੇਕਰ ਸਾਨੂੰ ਲਾਭ ਮਿਲਦਾ ਤਾਂ ਉਸ ਦਾ ਕੁਝ ਨਾ ਕੁਝ ਨੁਕਸਾਨ ਵੀ ਹੁੰਦਾ ਹੈ, ਪਰ ਸਾਨੂੰ ਇਸ ਦਾ ਫਾਇਦਾ ਲੈਣਾ ਚਾਹੀਦਾ ਹੈ ਤਾਂ ਕਿ ਅਸੀਂ ਉਸ ਤੋਂ ਵੱਧ ਤੋਂ ਵੱਧ ਸਿੱਖ ਸਕੀਏ ਨਾ ਕਿ ਸੋਸ਼ਲ ਮੀਡੀਆ ਉੱਤੇ ਲਗ ਕੇ ਆਪਣੇ ਸਮੇਂ ਨੂੰ ਖਰਾਬ ਕਰੀਏ।

ਅੱਜ-ਕੱਲ੍ਹ ਹਰ ਨੌਜਵਾਨ ਸੋਸ਼ਲ ਮੀਡੀਆ ਦੀ ਵਰਤੋਂ ਜ਼ਿਆਦਾ ਕਰ ਰਿਹਾ ਹੈ ਕਿ ਇਸ ਦੇ ਨਾਲ ਨੁਕਸਾਨ ਵੱਧ ਹੁੰਦਾ ਲੱਗਦਾ ਹੈ। ਅੱਜ ਦੇ ਯੁੱਗ ਵਿੱਚ ਭਾਵੇਂ ਨੈਟਵਰਕਿੰਗ ਪ੍ਰਣਾਲੀ ਨੂੰ ਸਮਾਜ ਦਾ ਹਰ ਵਰਗ ਅਪਨਾ ਰਿਹਾ ਹੈ, ਪਰ ਵਿਹਲੜਾਂ ਲਈ ਇਹ ਸ਼ੁਗਲ ਦਾ ਸਾਧਨ ਹੈ। ਆਧੁਨਿਕ ਯੁੱਗ ਵਿੱਚ ਇਹ ਸੰਚਾਰ ਦਾ ਸਭ ਤੋਂ ਵਧੀਆ, ਸਸਤਾ ਅਤੇ ਸੌਖਾ ਸਾਧਨ ਹੈ, ਜਿਸ ਰਾਹੀਂ ਤੁਸੀਂ ਆਪਣਾ ਸੰਦੇਸ਼ ਮਿੰਟਾਂ-ਸਕਿੰਟਾਂ ਵਿੱਚ ਲੱਖਾਂ ਹੀ ਲੋਕਾਂ ਤੱਕ ਪਹੁੰਚਾ ਸਕਦੇ ਹੋ। ਇਹ ਨੈਟਵਰਕਿੰਗ ਸਾਡੀ ਨੈਤਿਕਤਾ ਨੂੰ ਖੋਰਾ ਲਾ ਰਹੀ ਹੈ। ਬੱਚੇ ਪਰਿਵਾਰ ਵਿੱਚ ਬੈਠਣਾ ਪਸੰਦ ਹੀ ਨਹੀਂ ਕਰਦੇ। ਉਹ ਆਪੋ ਆਪਣੇ ਕਮਰਿਆਂ ਵਿੱਚ ਕੰਪਿਊਟਰ, ਲੈਪਟਾਪ, ਆਈ ਪੈਡ ਜਾਂ ਮੋਬਾਈਲਾਂ 'ਤੇ ਹੀ ਮਸਤ ਰਹਿੰਦੇ ਹਨ। ਸੋਸ਼ਲ ਮੀਡੀਆ ਦੀ ਲਤ ਇਕ ਗੰਭੀਰ ਮਾਨਸਿਕ ਸਮੱਸਿਆ ਹੈ। ਕੁਝ ਵੀ ਕਰਦੇ ਸਮੇਂ ਸੈਲਫੀ ਲੈ ਕੇ ਸੋਸ਼ਲ ਮੀਡੀਆ 'ਤੇ ਪਾ ਦੇਣਾ ਅੱਜ-ਕੱਲ੍ਹ ਆਮ ਹੋ ਗਿਆ ਹੈ। ਇਸ ਨਾਲ ਕੋਈ ਰੇਲ ਗੱਡੀ ਥੱਲੇ ਦਰੜਿਆ ਜਾਂਦਾ ਹੈ ਤੇ ਕੋਈ ਪਹਾੜਾਂ ਤੋਂ ਰੁੜ੍ਹ ਜਾਂਦਾ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸੋਸ਼ਲ ਮੀਡੀਆ ਬਾਰੇ ਸੁਚੇਤ ਕਰਨ ਤੇ ਇਸ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ।

ਸੋਸ਼ਲ ਮੀਡੀਆ ਰਾਹੀਂ ਅਸੀਂ ਆਪਣੇ ਦੂਰ ਬੈਠੇ ਰਿਸ਼ਤੇਦਾਰਾਂ, ਦੋਸਤਾਂ ਅਤੇ ਹੋਰ ਜਾਣਕਾਰਾਂ ਨਾਲ ਜੁੜੇ ਹੋਏ ਹਾਂ, ਪਰ ਦੂਸਰੇ ਪਾਸੇ ਓਨਾ ਹੀ ਆਪਣੇ ਪਰਿਵਾਰ ਤੋਂ ਦੂਰ ਹੁੰਦੇ ਜਾ ਰਹੇ ਹਾਂ। ਪਹਿਲਾਂ ਲੋਕ ਘਰਾਂ ਵਿੱਚ ਇਕੱਠੇ ਬੈਠ ਕੇ ਗੱਲਾਂ-ਬਾਤਾਂ ਕਰਦੇ ਅਤੇ ਇੱਕ ਦੂਜੇ ਦਾ ਦੁੱਖ ਸੁੱਖ ਸੁਣਦੇ ਸਨ। ਪਰ ਹੁਣ ਕਹਾਣੀ ਉਲਟ ਹੈ, ਹਰ ਘਰ ਦੇ ਛੋਟੇ ਵੱਡੇ ਮੈਂਬਰ ਕੋਲ ਮੋਬਾਈਲ ਹੈ। ਉਨ੍ਹਾਂ ਕੋਲ ਇੱਕ ਦੂਜੇ ਲਈ ਸਮਾਂ ਹੀ ਨਹੀਂ ਹੈ। ਅਸੀਂ ਅੱਜ ਆਪਣੇ ਆਪਣੇ ਕਮਰਿਆਂ ਵਿੱਚ ਬੈਠੇ ਸੋਸ਼ਲ ਮੀਡੀਆ 'ਤੇ ਉਲਝ ਕੇ ਰਹਿ ਗਏ ਹਾਂ। ਸੋਸ਼ਲ ਮੀਡੀਆ ਦੀ ਐਨੀ ਵਰਤੋਂ ਨਹੀਂ ਕਰਨੀ ਚਾਹੀਦੀ ਕਿ ਤੁਹਾਡਾ ਸਾਰਾ ਸਮਾਂ ਹੀ ਬਰਬਾਦ ਹੋ ਜਾਵੇ।

# ਕੋਰੋਨਾ ਭਾਅ ਜੀ ਨਾਲ ਸੰਖੇਪ ਮੁਲਾਕਾਤ

ਸਵਾਮੀ ਸਰਬਜੀਤ

ਕਰੋਨਾ ਦੀ ਇੰਟਰਵਿਊ ਕਰਨ ਲਈ ਮੈਨੂੰ ਬਹੁਤ ਤਰੱਦਦ ਨਹੀਂ ਕਰਨਾ ਪਿਆ ਕਿਉਂਕਿ ਹੁਣ ਤਾਂ ਇਹ ਹਿੰਦੋਸਤਾਨ ਦੀ ਹਰ ਜਗ੍ਹਾ ਧਮਾਲਾਂ ਪਾਉਂਦਾ ਲੱਭ ਪੈਂਦਾ ਹੈ। ਸਾਡੀ ਗਲ਼ੀ ਵਿੱਚ ਤੁਰਿਆ ਫਿਰੇ ਤਾਂ ਮੈਂ ਹਾਕ ਮਾਰ ਕੇ ਬੁਲਾ ਲਿਆ ਤੇ ਸਰਸਰੀ ਜਿਹੀ ਗੱਲਬਾਤ ਸ਼ੁਰੂ ਕਰ ਦਿੱਤੀ :

ਮੈਂ: ਦੁਆ ਸਲਾਮ ਕਰੋਨਾ ਭਾਅ ਜੀ। ਇੰਟਰਵਿਊ ਕਰਨੀ ਏ ਥੋਡੀ, ਤੁਹਾਡਾ ਬਹੁਤਾ ਟੈਮ ਨ੍ਹੀਂ ਚੱਕਦਾ ਕਿਉਂਕਿ ਤੁਸੀਂ ਅੱਗੇ ਜਾ ਕੇ ਕਿਸੇ ਹੋਰ ਦਾ ਟੈਮ ਚੱਕਣਾ ਹੋਊ।

ਕਰੋਨਾ :ਕੋਈ ਨ੍ਹੀ ਛੋਟੇ ਵੀਰ, ਪੁੱਛ ਜੋ ਪੁੱਛਣੈ...।

ਮੈਂ :ਮੈਂ ਤਾਂ ਬੱਸ ਮੋਟੇ ਮੋਟੇ, ਜੇ ਪੰਜ ਦਸ ਸਵਾਲ ਕਰਨੇ ਨੇ। ਪਹਿਲਾ ਸਵਾਲ ਹੁਣ ਕਿਵੇਂ ਜੇ ਫੀਲ ਹੋ ਰਿਹੈ ਥੋਨੂੰ ?

ਕਰੋਨਾ : ਯਰ ਹੁਣ ਤਾਂ ਬਾਹਲ਼ਾ ਜਲੀਲ ਜਾ ਫੀਲ ਹੋ ਰਿਹੈ। ਜਦ ਆਏ ਆਏ ਸੀ ਥੋਡੇ ਮੁਲਕ ਬੜੀ ਚੜ੍ਹਾਈ ਸੀ ਮਹਾਰਾਜੇ ਪਟਿਆਲ਼ੇ ਆਂਗੂੰ ਤੇ ਹੁਣ ਤਾਂ ਲਾਲ ਕ੍ਰਿਸ਼ਨ ਅਡਵਾਨੀ ਨਾਲ਼ੋਂ ਵੀ ਵੱਧ ਖੂੰਜੇ ਲੱਗਿਆ ਫੀਲ ਕਰ ਰਿਹਾਂ।

ਮੈਂ : ਸਾਡੇ ਇੱਥੇ ਪ੍ਰਹੁਣਾਚਾਰੀ ਦਾ ਇਹੋ ਹਾਲ ਐ ਕਰੋਨਾ ਬਾਈ.... ਸਾਡੇ ਇੱਥੇ ਇੱਕ ਦਿਨ ਪ੍ਰਹੁਣਾ ਹੁੰਦੈ, ਦੂਜੇ ਦਿਨ ਪ੍ਰਹੁਣਾ ਹੁੰਦੈ, ਤੀਜੇ ਦਿਨ ਤਾਂ ਦਾਦੇ-ਮਘਊਣਾ ਈ ਹੋ ਜਾਂਦੈ।

ਕਰੋਨਾ: ਬੱਸ ਆਹੀ ਗੱਲ ਐ। ਤਾਂ ਹੀ ਹੁਣ ਰੋਜ ਖੰਡ ਪਾਈ ਜਾਨੇ ਓਂ ਮੈਨੂੰ.... ਹੁਣ ਤਾਂ ਦਿਲ ਕਰਦੈ ਯਰ ਮੁੜ ਮੜਜੀਏ..।

ਮੈਂ :ਲੰਘ ਜੋ ਫੇਰ ਠੰਢੇ ਠੰਢੇ, ਪਾਧਾ ਕਾਹਤੋਂ ਪੁੱਛਦੇ ਓਂ।

ਕਰੋਨਾ : ਉਹ ਲੰਘ ਤਾਂ ਜਾਈਏ ਪਰ ਯਰ ਆਹ ਥੋਡੇ ਲੀਡਰ ਪੈਰੀਂ ਪਈ ਜਾਂਦੇ ਨੇ ਨਿੱਤ ਦਿਨ। ਇਹੀ ਨ੍ਹੀ ਜਾਣ ਦਿੰਦੇ।

ਮੈਂ : ਲੀਡਰ ਕੀ ਆਂਹਦੇ ਨੇ ?

ਕਰੋਨਾ : ਕਦੇ ਕਹਿੰਦੇ ਜੀ ਆਹ ਵੋਟਾਂ ਕਢਾ ਜਿਓ, ਕਦੇ ਕਹਿੰਦੇ ਜੀ ਵੈਕਸੀਨ ਬਾਹਲ਼ੀ ਮੰਗਾਲੀ, ਉਂਅ ਤਾਂ ਕਿਸੇ ਨੇ ਲਵਾਣੀ ਨ੍ਹੀਂ ਪਰ ਤੁਸੀਂ ਹੋਰ ਰਹਿਜੋਂ ਮ੍ਰੀਨਾ-ਖੰਡ, ਸਾਡੀ ਵੈਕਸੀਨ ਲੱਗਜੂ। ਬੱਸ ਥੋਡੇ ਲੀਡਰਾਂ ਕਰਕੇ ਈ ਰੁਕੇ ਖੜ੍ਹੇ ਆਂ, ਨਹੀਂ ਤਾਂ ਕਾਦੇ ਚੜ੍ਹ ਜਾਂਦੇ ਜਹਾਜੇ।

ਮੈਂ : ਅੱਛਾ ਕਰੋਨੇ ਬਾਈ ਯਰ ਐਂ ਦੱਸ, ਜਿਹੜਾ ਆਹ ਥੋਡੇ ਬਾਰੇ ਸਰਕਾਰ ਰੋਜ ਏ ਬੇਤੁਕੇ ਜੇ ਸਰਕਾਰੀ ਬਿਆਨ ਦਈ ਜਾਂਦੀ ਐ, ਫੁਰਮਾਨ ਜਾਰੀ ਕਰੀ ਜਾਂਦੈ ਐ, ਕੀ ਰੌਲ਼ੈ ਵਿੱਚੋਂ ? ਕੋਈ ਤੁਕ ਜੀ ਤਾਂ ਬਣਦੀ ਨ੍ਹੀਂ ਹੈਗੀ.... ਇਹਦੇ ਆਲ਼ੀ ਮੋਟੀ ਮੋਟੀ ਜੀ ਗੱਲ ਸਮਝਾਦੇ।

ਕਰੋਨਾ : ਯਰ ਆਹੀ ਸਰਕਾਰੀ ਫੁਰਮਾਨਾ ਕਰਕੇ ਈ ਤਾਂ ਮਿੱਟੀ ਪਲੀਤ ਹੋਈ ਐ ਸਾਡੀ।

ਮੈਂ : ਓ ਤਾਂ ਹੈ.... ਪਤਾ ਤਾਂ ਸਾਰਿਆਂ ਨੂੰ ਈ ਐ, ਪਰ ਥੋਡੇ ਮੂੰਹੋਂ ਸੁਣ ਕੇ ਲੱਜਤ ਆਜੂ, ਤੂੰ ਹੀ ਦੱਸ ਸਰਕਾਰੀ ਫੁਰਮਾਨਾ ਤੇ ਐਲਾਨਾਂ ਦੀ ਬੇਤੁਕੀ ਬਾਰੇ।

ਕਰੋਨਾ : ਆਹ ਦੇਖ ਲਾ, ਸਰਕਾਰ ਕਿਤੇ ਤਾਂ 4 ਬੰਦੇ ਨ੍ਹੀਂ ਜੁੜਨ ਦਿੰਦੀ ਤੇ ਕਿਤੇ ਮੇਲੇ 'ਚ ਰੋਜ 2-2, 4-4 ਲੱਖ ਨੂੰ ਕੱਠਾ ਕਰੀਂ ਫਿਰਦੀ ਐ। ਕਿਤੇ ਕਹਿ ਦਿੰਦੇ ਆ ਬਈ ਦੂਰੀ ਬਣਾ ਕੇ ਰੱਖੋ ਤੇ ਕਿਤੇ ਕਹਿਣਗੇ ਬੀ ਰੈਲੀਆਂ ਵਿੱਚ ਮੋਢੇ ਨਾਲ ਮੋਢੇ ਜੋੜ ਕੇ ਖੜ੍ਹਨੈ....

ਮੈਂ : ਮਤਬਲ ਅੰਨ੍ਹੇ ਨੂੰ ਬੋਲ਼ਾ ਧੂਹੀ ਫਿਰਦੈ, ਕੋਈ ਤੁਕ ਨ੍ਹੀ, ਕੋਈ ਤੁਕਾਂਤ ਨ੍ਹੀਂ।

ਕਰੋਨਾ: ਆਹੋ ਕਹਿੰਦੇ ਬਈ ਰੱਬ ਨੇ ਜਦ ਗਾਜਰਾਂ ਦੇ ਈ ਦਿੱਤੀਆਂ ਤਾਂ ਨਾਲ਼ੇ ਰੰਬਾ ਵੀ ਵਿੱਚ ਰੱਖਣੈ ਤੇ ਗਾਜਰਾਂ 'ਚ ਗਧਾ ਵੀ ਛੱਡੀ ਰੱਖਣੈ।

ਮੈਂ :ਪਰ ਸਰਕਾਰ ਨੂੰ ਇਨਾ ਕ ਤਾਂ ਅਕਲ ਨੂੰ ਹੱਥ ਮਾਰਨਾ ਚਾਹੀਦੈ ਬਈ ਜਿਹੜੀ ਉਹ ਐਲਾਨ ਫਰਮਾਨ ਜਾਰੀ ਕਰ ਰਹੇ ਆ, ਉਹਦੀ ਕੋਈ ਤੁਕ ਵੀ ਤਾਂ ਬਣੇ.....

ਕਰੋਨਾ: ਆਹੋ ਸਰਕਾਰਾਂ ਦਾ ਤਾਂ ਓਹ 'ਸਾਬ ਐ ਬਈ ਪੈਰਾਂ ਭਾਰ ਬੈਠਣੈ, ਬੈਠਣਾ ਚੌਂਕੜੀ ਮਾਰ ਕੇ ਐ.... ਹਾਹਾਹਾਹਾਹਾ

ਮੈਂ ਲੋਕ ਤਾਂ ਹੁਣ ਅੱਕੇ ਜੇ ਹੋਏ ਗੱਲ ਨ੍ਹੀ ਮੰਨ ਰਹੇ ਸਰਕਾਰ ਦੀ ਕਿਉਂਕਿ ਸਰਦਾਰ ਇੱਕ ਪਾਸੇ ਤਾਂ ਚੋਣ ਰੈਲੀਆਂ ਤੇ ਕੁੰਭ ਮੇਲੇ 'ਚ ਕੱਠ ਕਰੀ ਜਾਂਦੀ ਐ, ਦੂਸਰੇ ਪਾਸੇ ਕਹਿੰਦੀ ਆ ਬਈ ਦੂਰੀ ਬੀ ਬਣਾ ਕੇ ਰੱਖਣੀ ਐ, ਮਾਸਕ ਬੀ ਪਾ ਕੇ ਰੱਖਣੈ।

ਕਰੋਨਾ : ਘੋਗੜ ਨਾਥ ਈ ਆ ਸਾਰੇ। ਮੰਨਿਆ ਬਈ ਥੋਡੇ ਆਲ਼ੀ ਜਨਤਾ ਹੈ ਤਾਂ ਬੰਦ ਦਮਾਕ ਏ, ਜਿਹੜੀ ਆਹ ਲੀਡਰਾਂ ਦੀਆਂ ਬਣਾਈਆਂ ਖੰਭਾਂ ਦੀਆਂ ਡਾਰਾਂ 'ਤੇ ਉੱਡੀ ਫਿਰਦੀ ਐ; ਚੋਣਾਂ 'ਚ ਕੀਤੇ ਵਾਦਿਆਂ ਤੇ ਲਾਏ ਲਾਰਿਆਂ ਨੂੰ ਸੱਚ ਮੰਨ ਕੇ ਹਜੇ ਵੀ ਥੋਡੇ ਪਿੱਛੇ ਲਾਂਗੜ ਚੱਕੀ ਫਿਰਦੀ ਐ ਪਰ ਫੇਰ ਵੀ ਮਾੜਾ-ਮੋਟਾ ਤਾਂ ਦਮਾਕ ਹੈਗਾ ਈ ਐ, ਜਨਤਾ ਕੋਲ਼ੇ, ਜਮਾਂ ਈ ਬੇਦਮਾਕੀ ਤਾਂ ਨਾ ਸਮਝੋ।

ਮੈਂ : ਨਹੀਂ ਬਾਈ ਸਰਕਾਰਾਂ ਨੂੰ ਐਂ ਲਗਦੈ ਬਈ 'ਮਰਿਆ ਬਾ ਨ੍ਹੀਂ, ਆਕੜਿਆ ਵਾ' ਕਹਿ ਦਈਏ ਤਾਂ ਜਨਤਾ ਮੰਨਜੂ...।

ਕਰੋਨਾ : ਲੈ ਹੋਰ.... ਨਾਲ਼ੇ ਸਰਕਾਰ ਨੂੰ ਪਹਿਲਾਂ ਗਲਤਫਹਿਮੀ ਸੀ, ਫੇਰ ਖੁਸ਼ਫਹਿਮੀ ਹੋਈ ਹੁਣ ਭੁੱਲਫਹਿਮੀ ਐ ਬਈ ਅਸੀਂ ਜੋ ਕਹਿਤਾ ਪੱਥਰ 'ਤੇ ਲਕੀਰ ਐ, ਇਹਨੂੰ ਨ੍ਹੀਂ ਕੋਈ ਟਾਲ਼ ਸਕਦਾ।

ਮੈਂ :ਅੱਛਾ ਬਾਈ ਤੂੰ ਐਂ ਦੱਸ, ਕਿ ਤੂੰ ਫੇਰ ਸੱਚੀਂ ਨ੍ਹੀਂ ਗਿਆ ਓਧਰ ਬੰਗਾਲ-ਬੰਗੂਲ ਆਲ਼ੇ ਪਾਸੇ।

ਕਰੋਨਾ: ਕੌਣ ਕਹਿੰਦੈ....!!! ਸਾਡੇ ਬੰਦੇ ਤਾਂ ਮੁਲਕ 'ਚ ਹਰੇਕ ਥਾਈਂ ਤੁਰੇ ਫਿਰਦੇ ਆ। ਜਿੱਥੇ ਵੀ ਤਾਪ ਚੜ੍ਹਜਿਐ, ਨਲ਼ੀਆਂ ਵਗੀਐਂ, ਆਪਣੀ ਓ ਕਿਰਪੈ।

ਮੈਂ : ਅੱਛਾ ਐਂ ਦੱਸ ਬਾਈ ਸੱਚੋ-ਸੱਚ ਕਿ ਤੂੰ ਕਿੰਨਾ ਕੁ ਖਤਰਨਾਕ ਐਂ ? ਤੇ ਤੇਰੇ ਤੋਂ ਕਿੰਨਾ ਕੁ ਡਰਨਾ ਚਾਹੀਦੈ ? ਦੇਖ ਸਰਕਾਰੀ ਬਿਆਨ ਨਾ ਦਈਂ, ਸਿੱਧੀ ਬੰਦਿਆਂ ਆਲ਼ੀ ਗੱਲ ਕਰੀਂ।

ਕਰੋਨਾ : ਖਤਰਨਾਕ ਤਾਂ ਬਾਈ ਮੈਂ ਘਰਆਲ਼ੀ ਜਿੰਨਾ ਤੇ ਮੈਥੋਂ ਡਰਨਾ ਵੀ ਓਨਾ ਈ ਚਹੀਦੈ, ਜਿੰਨਾ ਬੰਦਾ ਆਪਣੀ ਲਾਣੇਦਾਰਨੀ ਤੋਂ ਡਰਦੈ.....

ਮੈਂ : ਹਾਹਾਹਾਹਾ.... ਮਤਬਲ ਫੇਰ ਤਾਂ 'ਸਾਬ ਸਿਰ ਜੇ ਦਾ ਈ ਐਂ....

ਕਰੋਨਾ :ਅੱਛਾ !! ਲਗਦੈ ਤੇਰਾ ਬਿਆਹ ਨ੍ਹੀ ਹੋਇਆ ਹਾਲੇ ਜਿਹੜਾ ਮੈਨੂੰ ਐਡਾ ਲਾਈਟ ਜਾ ਲਈ ਜਾਨੈ !!

ਮੈਂ : ਨਹੀਂ ਬਿਆਹਿਆ ਤਾਂ ਮੈਂ ਫੁੱਲ ਆਂ.... ਪਰ ਹੁਣ ਗਡਰੀਆਂ ਦੀ ਬਹੂ ਆਂਗੂੰ ਨੱਕ ਜਾ ਮਰਗਿਆ ਤਾਂ ਹੀ ਬਾਹਲ਼ਾ ਸੀਰੀਅਸ ਜਾ ਨ੍ਹੀਂ ਲੈਂਦਾ... ਹਾਹਾਹਾਹਾ...।

ਕਰੋਨਾ : ਚਲ ਫੇਰ ਵੀ ਬੰਦੇ ਨੂੰ ਮਾੜਾ-ਮੋਟਾ ਤਾਂ ਡਰ ਕੇ ਰਹਿਣਾ ਈ ਚਾਹੀਦੈ....

ਮੈਂ : ਘਰਆਲ਼ੀ ਤੋਂ ਕਿ ਕਰੋਨਾ ਤੋਂ ?

ਕਰੋਨਾ : ਦੋਹਾਂ ਤੋਂ....।

ਮੈਂ: ਚੱਲ ਚੰਗਾ.... ਅੱਛਾ ਐਂ ਦੱਸ ਬਈ ਹੁਣ ਹਰੇਕ ਮਰੇ-ਖਪੇ ਨੂੰ ਤੇਰੇ ਖਾਤੇ ਪਾਈ ਜਾਂਦੇ ਆ.... ਤੂੰ ਇਹ ਵਧੀਆ ਲਗਦੈ ਜਾਂ ਫੇਰ... ?

ਕਰੋਨਾ : ਮਾੜੀ ਗੱਲ ਐ ਸਰਕਾਰਾਂ ਦੀ.... ਬਈ ਆਪਣਾ ਸੌਦਾ ਪੱਤਾ ਵੇਚਣੈ ਤਾਂ ਆਪਣੀ ਰੇਹੜੀ ਤੋਂ ਵੇਚੋ ਜਾਂ ਆਪਣਾ ਖੋਖਾ ਲਾਓ, ਹੁਣ ਸਾਰਾ ਕੁਛ ਮੇਰੇ ਖਾਤੇ ਤਾਂ ਨਾ ਪਾਓ। ਹੁਣ ਜਿਹੜਾ ਮਰਿਆ ਈ ਬਵਾਸੀਰ ਨਾਲ਼ ਐ, ਉਹਨੂੰ ਤਾਂ ਬਖ਼ਸ਼ ਦੋ। ਐਡੇ ਢੀਠ ਨੇ ਦੇਖ ਲਾ ਯਰ ਕਿਹੜੇ ਕਿਹੜੇ ਕੰਮ ਕਢਵਾਈ ਜਾਂਦੇ ਆ ਸਾਡੇ ਤੋਂ।

ਮੈਂ : ਅੱਛਾ ਐਂ ਦੱਸ ਬਈ ਹੱਥ ਜੇ ਧੋਣ ਨਾਲ਼, ਮਾਸਕ ਲੈਣ ਨਾਲ਼, ਦੂਰੀ ਬਣਾਈ ਰੱਖਣ ਨਾਲ਼ ਤੈਨੂੰ ਕੋਈ ਫਰਕ ਪੈਂਦੈ ?

ਕਰੋਨਾ : ਮੈਨੂੰ ਤਾਂ ਛਿੱਕੂ ਫਰਕ ਨ੍ਹੀਂ ਪੈਂਦਾ ਛੋਟੇ ਵੀਰ।

ਮੈਂ : ਫੇਰ ਸਰਕਾਰਾਂ ਕਾਹਤੋਂ ਜੋਰ ਲਾਈ ਜਾਂਦੀਆਂ ਬਈ ਹਰ ਵੇਲ਼ੇ ਹੱਥ ਧੋਈ ਜਾਓ, ਮਾਸਕ ਪਾਈ ਰੱਖੋ, ਦੂਰੀ ਬਣਾ ਕੇ ਰੱਖੋ...!!

ਕਰੋਨਾ : ਸਾਰਾ ਕੁਛ ਏ ਸਿਆਸਤੀ ਹੋ ਗਿਆ ਛੋਟੇ ਵੀਰ। ਜਦ ਪਿਛਲੇ ਸਾਲ ਫਰਵਰੀ 'ਚ ਮੈਂ ਆਇਆਂ ਨਮਾ ਨਮਾ, ਉਦੋਂ ਮੇਰੇ ਤੋਂ ਬਚਾਅ ਕਰਨ ਲਈ, ਸਰਕਾਰਾਂ ਨੇ ਜਨਤਾ ਨੂੰ ਕੁਛ ਨਾ ਕੁਛ ਤਾਂ ਕਰਨ ਨੂੰ ਕਹਿਣਾ ਈ ਤੀ, ਨਹੀਂ ਤਾਂ ਥੋਡੇ ਆਲ਼ੀ ਜਨਤਾ ਦਾ ਤਾਂ ਉਂਈਂ 'ਘਰਬਾਹਟ' ਨਾਲ਼ ਈ ਪਟਾਕਾ ਪੈ ਜਾਣਾ ਤੀ।

ਮੈਂ : ਹਾਂ ਇਹ ਤਾਂ ਹੈ...।

ਕਰੋਨਾ : ਹੋਰ.... ਨਹੀਂ ਤਾਂ ਤੂੰ ਦੱਸ ਬਈ ਹਜੇ ਕੱਲ੍ਹ ਮੈਂ ਜੰਮਿਆ ਤੇ ਅੱਜ ਇਨ੍ਹਾਂ ਪਤਾ ਵੀ ਲਾ ਲਿਆ ਬਈ ਮੇਰੇ ਨਾਲ਼ ਮੁਕਾਬਲਾ ਕਿਮੇ ਕਰਨੈ !! ਹੈਂਅ !! ਬਿਨਾਂ ਸੋਚੇ ਸਮਝੇ ਈ ਲਾਕਡਾਊਨ ਲਾਤਾ। ਸਿਰੇ ਦੀ ਫੇਲ ਸਕੀਮ ਸੀ। ਹਾਲੇ ਵੀ ਨ੍ਹੀਂ ਸਮਝੇ। ਜਿਹੜੇ ਫਾਰਮੂਲੇ ਨਾਲ਼ ਪਹਿਲਾਂ ਸੌ ਵਾਰੀ ਸਵਾਲ ਗਲਤ ਨਿਕਲਿਐ, ਇੱਕ ਸੋ ਇੱਕਵੀਂ ਵਾਰ ਕਿਵੇਂ ਠੀਕ ਨਿਕਲ ਜੂ। ਸਵਾਲ ਨ੍ਹੀਂ ਫਾਰਮੂਲਾ ਬਦਲਣਾ ਚਾਹੀਦੈ...।

ਮੈਂ : ਮਤਬਲ ?

ਕਰੋਨਾ : ਜੇ ਲੂਣ ਭੁੱਕ ਕੇ ਗੰਡੋਆ ਮਾਰ ਲਿਆ, ਇਹਦਾ ਮਤਬਲ ਇਹ ਤਾਂ ਨ੍ਹੀਂ ਬਈ ਐਨਾਕੌਂਡਾ ਵੀ ਐਈਂ ਢਾਹਲੋਂਗੇ !! ਕ ਢਾਹ ਲੈਣਗੇ ?

ਮੈਂ : ਮਤਲਬ ਆਹ ਪਰਹੇਜ ਵਰਤ ਕੇ ਕੋਈ ਫੈਦਾ ਨ੍ਹੀਂ ?

ਕਰੋਨਾ : ਇਹ ਤਾਂ ਉਂਈਂ ਡਾਕਟਰੀ ਹਦੈਤ ਆਲ਼ੀ ਵਾਦੀ ਐ। ਜਿਮੇ ਡਾਕਟਰ ਦਵਾਈ ਦੇ ਕੇ ਜਿਹੜਾ ਪਰਹੇਜ ਕਰਨ ਲਈ ਕਹਿੰਦਾ ਹੁੰਦੈ, ਉਹੀ 'ਸਾਬ ਲਾਲੈ। ਬਈ ਠੰਢਾ-ਤੱਤਾ ਨ੍ਹੀਂ ਖਾਣਾ-ਪੀਣਾ, ਖੱਟੇ-ਤਲ਼ੇ ਦਾ ਪਰਹੇਜ ਕਰਨੈ, ਬੈਅ ਆਲ਼ੀਆਂ ਚੀਜਾਂ ਤੋਂ ਪਰਹੇਜ ਰੱਖਣੈ। ਬਈ ਡਾਕਟਰ ਨੂੰ ਕੋਈ ਪੁੱਛੇ ਜੇ ਸਾਰਾ ਪਰਹੇਜ ਏ ਮਰੀਜ ਨੇ ਰੱਖਣਾ ਹੋਇਆ, ਫੇਰ ਡਾਕਟਰ ਕੋਲ਼ ਆਉਣ ਦੀ ਕੀ ਲੋੜ ਸੀ, ਬਿਨਾਂ ਦਵਾਈ ਲਏ ਓ ਡੰਗ ਸਰ ਜਾਂਦਾ।

ਮੈਂ : ਚਲ ਮਾੜੀ ਮੋਟੀ ਜੜ੍ਹੀ ਬੂਟੀ ਤਾਂ ਕਰਨੀ ਪੈਂਦੀ ਓ ਆ।

ਕਰੋਨਾ : ਆਹੋ.... ਜਿਮੇ ਆਹ ਥੋਡਾ ਨਜਲਾ ਜੁਕਾਮ ਹੋ ਗਿਆ। ਡਾਕਟਰ ਕਹਿੰਦੇ ਬਈ ਜੇ ਦਵਾਈ ਲੈਲੋਂਗੇ ਤਾਂ 7 ਦਿਨਾਂ 'ਚ ਠੀਕ ਹੋਜੋਂਗੇ, ਜੇ ਦਵਾਈ ਨਹੀਂ ਲੈਂਦੇ ਤਾਂ ਫੇਰ ਹਫਤਾ ਲੱਗੂ ਠੀਕ ਹੋਣ ਨੂੰ..... ਹਾਹਾਹ ਕਨਹੀਂ !!

ਮੈਂ : ਅੱਛਾ ਐਂ ਦੱਸ ਕਰੋਨਾ ਵੀਰ, ਆਹ ਜਿਹੜੀ ਵੈਕਸੀਨ ਐ, ਇਹਦਾ ਕੋਈ ਫੈਦਾ, ਨੁਕਸਾਨ !! ਜਾਂ ਇਹਦਾ ਕੋਈ ਅਸਰ ਹੋਊ ਲਵਾਏ ਦਾ ?

ਕਰੋਨਾ : ਬਾਈ ਜਿਵੇਂ ਕੋਈ ਮੰਗਣ ਆਲ਼ਾ ਨ੍ਹੀਂ ਕਹਿੰਦਾ ਹੁੰਦਾ ਬਈ 'ਜੋ ਦੇ ਉਸਕਾ ਭ੍ਰੀ ਭਲਾ, ਜੋ ਨਾ ਦੇ ਉਸਕਾ ਭ੍ਰੀ।' ਜੇ ਲਵਾਲੋਂਗੇ ਹਰਜ ਕੋਈ ਨ੍ਹੀਂ, ਨਾ ਲਵਾਓਂਗੇ ਤਾਂ ਰੌਲ਼ਾ ਵੀ ਕੋਈ ਨ੍ਹੀਂ।

ਮੈਂ : ਮਤਬਲ, ਰਹਿਣ ਏ ਦੇਈਏ ?

ਕਰੋਨਾ : ਨਾ ਨਾ ਲਵਾਲੋ ਯਰ, ਵਧੀਆ ਇੱਕ ਫੋਟੋ ਬਣਜੂਗੀ ਯਾਦਗਾਰੀ। ਆਪਣੇ ਜੁਆਕਾਂ ਨੂੰ ਦਖਾਇਆ ਕਰੋ, ਬਈ ਚੜ੍ਹੀ ਜਵਾਨੀ ਤੁਸੀਂ ਕੀ ਕੁਛ ਕਰਦੇ ਰਹੇ ਓਂ.... ਹਾਹਾਹਾਹਾ ਕਨਹੀਂ !!

ਮੈਂ : ਚਲ ਚੰਗਾ ਬਾਈ ਫੇਰ, ਚੱਲ ਤੂੰ, ਤੇਰਾ ਕੰਮ ਹਾਲੇ ਖਾਸਾ ਪਿਐ, ਬਾਕੀ ਫੇਰ ਮਿਲਦੇ ਆਂ ਕਦੇ।

ਕਰੋਨਾ : ਚੰਗਾ ਭਰਾਵਾ, ਫੇਰ ਮਿਲਦੇ ਆਂ। ਜੇ ਜਿਊਂਦੇ ਰਹੇ ਤਾਂ ਮਿਲਾਂਗੇ ਲੱਖ ਆਰੀ, ਮਰਗੇ ਤਾਂ ਯਾਦ ਨਾ ਕਰੀਂ।

-ਮੋਬਾ: 9888401328

# ਪੁਸਤਕ ਰਿਵੀਊ

## ਅਦਬ ਦੀਆਂ ਪਰਤਾਂ
## ਲੇਖਕ: ਨਿਰੰਜਨ ਬੋਹਾ

ਨਿਰੰਜਣ ਬੋਹਾ ਸਾਹਿਤ ਤੇ ਸਮਾਜ ਸੇਵਾ ਦੇ ਖੇਤਰ ਵਿਚ ਕਿਸੇ ਵੱਖਰੀ ਜਾਣ ਪਛਾਣ ਦਾ ਮੁਹਤਾਜ ਨਹੀਂ ਉਸਨੂੰ ਆਪਣੇ ਵਕਤ ਦਾ ਸਭ ਤੋਂ ਵੱਧ ਸਰਗਰਮ ਲੇਖਕ ਕਿਹਾ ਜਾ ਸਕਦਾ ਹੈ। ਪੱਤਰਕਾਰੀ ਦੇ ਖੇਤਰ ਦੇ ਵਿਚ ਵੀ ਉਸ ਨੂੰ ਵੱਖਰਾ ਮੁਕਾਮ ਹਾਸਿਲ ਹੈ। ਬੋਹਾ ਲਗਾਤਾਰ ਇਕ ਸੁਹਿਰਦ ਦੋਸਤ, ਦਾਰਸ਼ਨਿਕ ਤੇ ਨਵੇਂ ਲੇਖਕਾਂ ਤੇ ਪਾਠਕਾਂ ਲਈ ਰਾਹ ਦਸੇਰੇ ਦਾ ਕੰਮ ਕਰ ਰਿਹਾ ਹੈ। ਉਹ ਹੁਣ ਤੱਕ ਅੱਧ ਦਰਜਣ ਤੋਂ ਵੱਧ ਪੁਸਤਕਾਂ ਦੀ ਰਚਨਾ ਕਰ ਚੁੱਕਾ ਹੈ , ਜਿਸ ਵਿਚ ਕਹਾਣੀ, ਮਿੰਨੀ ਕਹਾਣੀ, ਆਲੋਚਨਾ , ਵਾਰਤਕ ਤੇ ਸੰਪਾਦਨ ਆਦਿ ਦਾ ਕਾਰਜ਼ ਸ਼ਾਮਿਲ ਹੈ।




ਵਿਚਾਰ ਅਧੀਨ ਵਾਰਤਕ ਪੁਸਤਕ ' ਅਦਬ ਦੀਆ ਪਰਤਾਂ' ਇਸੇ ਵਿਸ਼ੇ ਨਾਲ ਸਬੰਧ ਰੱਖਦੀ ਇਕ ਹੋਰ ਪੁਸਤਕ ' ਮੇਰੇ ਹਿੱਸੇ ਦਾ ਅਦਬੀ ਸੱਚ' ਦਾ ਹੀ ਦੂਜਾ ਭਾਗ ਹੈ। ਇਹਨਾਂ ਦੋਹਾਂ ਵਾਰਤਕ ਪੋਥੀਆਂ ਦੀ ਸਾਹਿਤ ਦੇ ਖੇਤਰ ਵਿਚ ਭਰਪੂਰ ਚਰਚਾ ਹੁੰਦੀ ਰਹੀ ਹੈ ਤੇ ਹੁਣ ਵੀ ਹੋ ਰਹੀ ਹੈ। ਮਾਣ ਵਾਲੀ ਗੱਲ ਇਹ ਹੈ ਕਿ ਨਿਰੰਜਣ ਬੋਹਾ ਸੱਭ ਤੋਂ ਵੱਧ ਲੜੀਵਾਰ ਸਾਹਿਤਕ ਕਾਲਮ ਲਿਖਣ ਵਾਲਾ ਸਮਰੱਥਾਵਾਨ ਲੇਖਕ ਵੀ ਹੋ ਨਿਬੜਿਆ ਹੈ। 'ਅਦਬ ਦੀਆ ਪਰਤਾਂ' ਪੁਸਤਕ ਵਿਚ ਸਾਮਿਲ ਕੀਤੇ ਗਏ ਦੋ ਦਰਜਣ ਲੇਖ ਮਾਸਿਕ 'ਮਹਿਰਮ' ਵਿਚ ਬਕਾਇਦਾ ਪ੍ਰਕਾਸ਼ਿਤ ਹੁੰਦੇ ਰਹੇ ਹਨ । ਇਸ ਤਰ੍ਹਾਂ ਇਸ ਅਦਬੀ ਰਚਨਾ ਦਾ ਮੱਹਤਵ ਹੋਰ ਵੀ ਵੱਧ ਜਾਦਾ ਹੈ।

ਪੁਸਤਕ ਦਾ ਅਗਾਜ਼ ਮਾਨਸਾ ਜ਼ਿਲ੍ਹੇ ਦੇ ਕਿੱਸਾ ਕਵੀਆ ਨਾਲ ਸਬੰਧਤ ਇਕ ਖੋਜ਼ ਕਾਰਜ਼ ਨਾਲ ਹੁੰਦਾ ਹੈ। ਇਸ ਤੋਂ ਬਾਦ ਹੋਰ ਬਹੁਤ ਸਾਰੇ ਵਿਸ਼ਿਆਂ ਦੀਆ ਪਰਤਾਂ ਵੀ ਪਰਤ ਦਰ ਪਰਤ ਖੁਲ੍ਹਦੀਆਂ ਤੁਰੀਆਂ ਜਾਂਦੀਆਂ ਹਨ। 'ਨਵੀਂ ਪੰਜਾਬੀ ਕਹਾਣੀ ਦਾ ਨਵਾਂ ਬੌਧਿਕ ਵਿਵਹਾਰ' ਸਿਰਲੇਖ ਵਾਲੇ ਲੰਮੇ ਲੇਖ ਵਿਚ ਵਾਰਤਾਕਾਰ ਨੇ ਇਸ ਵਿਧਾ ਪ੍ਰਤੀ ਆਪਣੀ ਤਿੱਖੀ ਸਮਝ ਦੀ ਅਭਵਿਅਕਤੀ ਕੀਤੀ ਹੈ। ਉਹ ਕਹਿੰਦਾ ਹੈ , ' ਪੰਜਾਬੀ ਕਹਾਣੀ ਦਾ ਚੰਗਾ ਭਵਿੱਖ ਸਿਰਜਣ ਲਈ ਨਵੇਂ ਕਹਾਣੀਕਾਰਾਂ ਨੂੰ ਵੱਧ ਤੋਂ ਵੱਧ ਮੌਕੇ ਮਿਲਣੇ ਚਾਹੀਦੇ ਹਨ। ਲੇਖਕ ਨੇ ਅਦਬ ਦੀਆਂ ਪਰਤਾਂ ਸਿਰਫ ਲਿਖ ਕੇ ਹੀ ਨਹੀਂ ਖੋਲ੍ਹੀਆਂ ਬਲਕਿ ਨਿੱਘੇ ਸੱਦਾ ਪੱਤਰਾਂ ਨੂੰ ਖਿੜੇ ਮੱਥੇ ਕਬੂਲਦਿਆਂ ਥਾ ਪੁਰ ਥਾਂ ਅਤੇ ਇੱਥੋਂ ਤੱਕ ਕਿ ਯੂਨੀਵਰਸਿਟੀਆਂ ਵੱਲੋਂ ਆਯੋਜਿਤ ਵਿਸ਼ਵ ਕਾਨਫਰੰਸਾਂ ਮੌਕੇ ਵੀ ਉਹ ਇਕ ਬੁਲਾਰੇ ਵਜੋਂ ਪੂਰੀ ਬੇਬਾਕੀ ਤੋਂ ਕੰਮ ਲੈਂਦਾ ਰਿਹਾ ਹੈ।

ਨਿਰੰਜਣ ਬੋਹਾ ਨੇ ਸੂਤਰਿਕ ਸ਼ੈਲੀ ਵਿਚ ਲਿਖਣ ਦਾ ਮਾਹਿਰ ਹੈ। ਉਸਦੀ ਵਾਰਤਕ ਅੰਦਰਲਾ ਦਰਸ਼ਨ ਕਾਇਲ ਕਰਕੇ ਰੱਖ ਦੇਂਦਾ ਹੈ। ਕੁਝ ਮਿਸਾਲਾਂ ਵੀ ਦਿੱਤੀਆ ਜਾ ਸਕਦੀਆਂ ਹਨ –

-ਸਾਹਿਤ ਦਾ ਕੋਈ ਵੀ ਵਿਸ਼ਾ ਕਿਸੇ ਖਾਸ ਲੇਖਕ ਵਰਗ ਲਈ ਰਾਖਵਾਂ ਨਹੀਂ ਰੱਖਿਆ ਜਾ ਸਕਦਾ ।

- ਲੇਖਕ ਵਿਚ ਨਾਂ ਦੀ ਭੁੱਖ ਹੋਵੇ ਪਰ ਹਾਬੜਾ ਨਹੀਂ ।

- ਨਵੀ ਕਹਾਣੀਂ ਦਾ ਨਾਇਕ ਤੇ ਖਲਨਾਇਕ ਇੱਕੋ ਜਿਸਮ ਵਿਚ ਵਾਸਾ ਕਰਦਾ ਹੈ।

- ਸਥਾਪਿਤ ਲੇਖਕ ਕੰਮਜੋਰ ਸਾਹਿਤਕ ਰਚਨਾ ਅੰਦਰਲੇ ਮਨੋ ਥਾਪੀ ਨਹੀਂ ਦੇਣਾ ਚਾਹੁੰਦੇ।

- ਕੁਝ ਨਾ ਹੋਣ ਨਾਲੋਂ ਕੁਝ ਹੋਣਾ ਚੰਗਾਂ ਹੁੰਦਾ ਹੈ।

ਵਾਰਤਕਾਰ ਨੇ ਜਸਵੰਤ ਸਿੰਘ ਕੰਵਲ ਬਲਦੇਵ ਸਿੰਘ ਸੜਕਨਾਮਾ ਤੇ ਸੁਰਜੀਤ ਗੱਗ ਵਰਗੇ ਨਾਮਵਰ ਲੇਖਕਾਂ ਦੇ ਵਿਰੋਧ ਦਾ ਜ਼ਿਕਰ ਵੀ ਕੀਤਾ ਹੈ। ਬੋਹਾ ਅਨੁਸਾਰ ਇਕ ਲੇਖਕ ਖੁਲ੍ਹ ਕੇ ਲਿਖੇ , ਬੋਲੇ ਪਰ ਕੁਝ ਸੀਮਾਵਾਂ ਵਿਚ ਰਹਿ ਕੇ । ਸਥਾਪਤੀ ਨੂੰ ਜਿਆਦਾ ਹੀ ਵੰਗਾਰਨ ਵਾਲੇ ਗੱਗ ਨੂੰ ਤਾਂ ਇਕ ਵੱਖਰੇ ਖ਼ਤ ਰਾਹੀ ਸਮਝੌਤੀਆਂ ਵੀ ਦਿੱਤੀਆਂ ਹਨ। ਇਸੇ ਤਰ੍ਹਾਂ ਕਿਤੇ ਕਿਤੇ ਬਹਿਸ ਛੇੜਣ ਵਾਲੇ ਵਿਸ਼ੇ ਵੀ ਛੂਹੇ ਗਏ ਹਨ।

'ਸਾਹਿਤਕ ਪੁਸਤਕਾਂ ਨੂੰ ਸ਼ਗਨ ਪਾਏ ਜਾਣ ਦੀ ਲੋੜ' , ਸਾਹਿਤਕ ਚਿੱਠੀਆਂ 'ਚੋ ਝਾਤ ਮਾਰਦੀ ਲੇਖਕਾਂ ਦੀ ਮਾਨਸਿਕਤਾ, ਘਰ ਫੂਕ ਕਿ ਤਮਾਸ਼ਾ ਵੇਖ ਰਹੇ ਹਨ ਅਤੇ ਪੰਜਾਬੀ ਭਾਸ਼ਾ ਦੇ ਬਹੁ ਗਿਣਤੀ ਪਰਚਿਆਂ ਦੇ ਸੰਪਾਦਕ ਆਦਿ ਲੇਖਾਂ ਦੇ ਅਨੁਵਾਨ ਹੀ ਆਪਣੇ ਆਪ ਵਿਚ ਸੰਪੂਰਣ ਹਨ। ਬੇਸ਼ਕ ਇਹ ਲੇਖਕ ਦੀ ਸੂਝ ਬੂਝ ਦੇ ਲਿਖਾਇਕ ਵੀ ਹਨ ਪਰ ਦੂਜੇ ਪਾਸੇ 'ਪੰਜਾਬ ਵਿਚ ਕਿਉਂ ਨਹੀਂ ਪੈਦਾ ਹੋ ਰਿਹਾ ਪੁਸਤਕ ਸਭਿਆਚਾਰ ?' ਕਿੰਨਰ ਵਰਗ ਦੀ ਵੇਦਨਾਂ ਨੂੰ ਕਿਉਂ ਨਹੀਂ ਸੁਣ ਰਹੇ ਪੰਜਾਬੀ ਲੇਖਕ ? ਵਰਗੇ ਸੁਆਲ ਹੀ ਪੈਦਾ ਕੀਤੇ ਗਏ ਬਲਕਿ ਬਹੁੱਤ ਹੀ ਭਾਵਪੂਰਤ ਸ਼ਬਦਾਂ ਵਿਚ ਇਹਨਾਂ ਦੇ ਸਮਾਧਾਨ ਦਾ ਵੀ ਜ਼ਿਕਰ ਕੀਤਾ ਗਿਆ ਹੈ। ਬੇਸ਼ੱਕ ਧੰਨਜਯ ਚੌਹਾਨ ਜਿਹੀਆਂ ਮਿਸਾਲਾ ਵੀ ਮਿਲ ਜਾਦੀਆਂ ਹਨ । ਵੈਣਾ ਅਲਾਹੁਣੀਆਂ 'ਤੇ ਪੀ. ਐਚ. ਡੀ. ਕਰਨ ਵਾਲੀ ਡਾ: ਗੁਰਮੇਲ ਕੌਰ ਜੋਸ਼ੀ ਦੀ ਮਿਸਾਲ ਵੀ ਲਾ ਮਿਸਾਲ ਹੈ।

ਨਿਰੰਜਣ ਬੋਹਾ ਦੀ ਵਾਰਤਕ ਸ਼ੈਲੀ ਉਸਦੀ ਸ਼ਖਸ਼ੀਅਤ ਤੇ ਪਹਿਰਾ ਦੇ ਰਹੀ ਹੈ। ਅਸਪਸ਼ੱਟਤਾ ਤੇ ਧੁੰਧਲਾਪਣ ਕਿਤੇ ਵੀ ਨਜ਼ਰ ਨਹੀਂ ਆਉਂਦਾ । ਲੇਖਾਂ ਵਿਚ ਮਿਕਨਾਤੀਸ਼ੀ ਕਥਾ ਰਸ ਹੈ , ਜਿਵੇਂ ਉਹ ਜਸਵਿੰਦਰ ਤੇ ਆਹ ਜਸਵਿੰਦਰ ਲੇਖ ਇਕ ਰੇਖਾ ਚਿੱਤਰ ਦੇ ਨੇੜੇ ਢੁੱਕਦੀ ਕਹਾਣੀ ਵਰਗਾ ਹੈ।

ਕਵੀਸ਼ਰ ਦਰਸ਼ਨ ਭੰਮੇ ਨੇ ਸੱਚ ਕਹਿੰਦਿਆਂ ਹੀ ਦੁਆ ਕੀਤੀ ਹੈ–

ਅਰਜ਼ ਖੁਦਾ ਦੀ ਮੇਰੀ ਮੌਜਾ ਮਾਣੇ ਬੋਹਾ ਜੀ ।
ਕਲਮ ਮਣਾਉਂਦੀ ਰਹੇ ਸਦਾ ਹੀ ਆਪਣਾ ਲੋਹਾ ਜੀ ।

-ਬਿਕਰਮਜੀਤ ਨੂਰ

## ਮਣ੍ਹੇ (ਨਾਵਲ)
## ਨਾਵਲਕਾਰ: ਡਾ. ਧਰਮਪਾਲ ਸਾਹਿਲ

ਡਾ.ਧਰਮਪਾਲ ਸਾਹਿਲ ਇਕ ਖੋਜੀ ਅਤੇ ਕਈ ਇਨਾਮ ਸਨਮਾਨ ਹਾਸਲ ਕਰਨ ਵਾਲਾ ਚਰਚਿਤ ਨਾਵਲਕਾਰ ਹੈ।ਉਸਦੀ ਹਰ ਪੁਸਤਕ ਦੀ ਸਾਹਿਤਕ ਹਲਕਿਆਂ ਵਿਚ ਭਰਪੂਰ ਚਰਚਾ ਹੁੰਦੀ ਹੈ।ਹੁਸ਼ਿਆਰਪੁਰ ਜ਼ਿਲ੍ਹੇ ਦੇ ਨੀਮ ਪਹਾੜੀ ਕੰਢੀ ਇਲਾਕੇ ਦਾ ਜੰਮਪਲ ਹੋਣ ਕਰਕੇ ਇਸ ਖਿੱਤੇ ਬਾਰੇ ਬਹੁਤ ਮੁੱਲਵਾਨ ਖੋਜ ਕਾਰਜ ਕੀਤਾ ਅਤੇ ਕਰ ਰਿਹਾ ਹੈ।ਕੰਢੀ ਪਹਾੜੀ ਬੋਲੀ ਦਾ ਸ਼ਬਦਕੋਸ਼,ਕੰਢੀ ਦੀ ਸਭਿਆਚਾਰਕ ਵਿਰਾਸਤ ਅਤੇ ਕੰਢੀ ਦਾ ਕੰਠਹਾਰ ਉਹਨਾਂ ਦੀਆਂ ਇਸ ਖਿੱਤੇ ਬਾਰੇ ਬੜੀ ਕੀਮਤੀ ਪੁਸਤਕਾਂ ਹਨ।ਉਹਨਾਂ ਦੇ ਕੁਲ ਅੱਠ ਨਾਵਲਾਂ ਵਿਚੋਂ ਤਿੰਨ ਪਥਰਾਟ, ਕੁਆਰ ਙਾਤ ਅਤੇ ਮਣ੍ਹੇ ਵੀ ਇਸੇ ਇਲਾਕੇ ਬਾਰੇ ਹਨ।ਹੁਸ਼ਿਆਰਪੁਰ ਤੋਂ ਤਲਵਾੜਾ ਅਤੇ ਮੁਕੇਰੀਆਂ ਦੇ ਵਿਚਕਾਰ ਵਸਦੇ ਇਸ ਇਲਾਕੇ ਦੀ ਬੋਲੀ,ਸਭਿਆਚਾਰ ,ਭਾਸ਼ਾ ਅਤੇ ਗਿਆਨ ਵਿਗਿਆਨ ਦਾ ਆਪਣਾ ਹੀ ਰੰਗ ਢੰਗ ਹੈ।ਇਸ ਨਿਰਾਲੇ ਰੰਗ ਢੰਗ ਨੂੰ ਬਿਆਨਣ ਵਾਸਤੇ ਮਣ੍ਹੇ ਨਾਮੀ ਨਾਵਲ ਦੀ ਸਿਰਜਣਾ ਕੀਤੀ ਗਈ ਹੈ।

ਮਣ੍ਹੇ ਨਾਵਲ ਦਾ ਪਾਠ ਕਰਦਿਆਂ ਸਭ ਤੋਂ ਪਹਿਲਾਂ ਸਾਨੂੰ ਇਸ ਇਲਾਕੇ ਦੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਿਲਦਾ ਹੈ।ਜਿਥੇ ਫਸਲਾਂ ਦੀ ਰਾਖੀ ਵਾਸਤੇ ਅਜ ਵੀ ਮਣੇ ਉਸਾਰੇ ਜਾਂਦੇ ਹਨ।ਫਿਰ ਕਿਤੇ ਦਿਨ ਰਾਤ ਜਗਰਾਤੇ ਕੱਟ ਕੇ ਫਸਲਾਂ ਅਤੇ ਨਸਲਾਂ ਬਚਦੀਆਂ ਹਨ।ਇਸ ਇਲਾਕੇ ਦੀ ਆਰਥਿਕ, ਸਮਾਜਿਕ, ਰਾਜਸੀ ਅਤੇ ਜਾਤੀ ਵਿਵਸਥਾ ਦਾ ਗਿਆਨ ਹੁੰਦਾ ਹੈ।ਇਥੇ ਵਸਤੇ ਗਰੀਬ ਤੇ ਅਨਪੜ੍ਹ ਲੋਕਾਂ ਨੂੰ ਧਨਾਡ ਕਿਵੇਂ ਆਪਣੇ ਉਦੇਸ਼ਾਂ ਦੀ ਪੂਰਤੀ ਵਾਸਤੇ ਵਰਤਦੇ ਹਨ।ਉਹਨਾਂ ਦੀ ਗਰੀਬੀ ਦਾ ਨਜ਼ਾਇਜ਼ ਫਾਇਦਾ ਉਠਾਕੇ ਸੱਚੇ ਸੁੱਚੇ ਇਨਸਾਨ ਮਾਸਟਰ ਕੰਜ ਕੁਮਾਰ ਨੂੰ ਬਲਾਤਕਾਰ ਵਰਗੇ ਕੇਸ ਵਿਚ ਫਸਾ ਦਿੱਤਾ ਜਾਂਦਾ ਹੈ।ਨਾਵਲ ਵਿਚ ਦਰਜ ਰੁਮਾਂਟਿਕ ਚੈਪਟਰ ਵੀ ਸੁਭਾਵਿਕ ਅਤੇ ਰੌਚਕ ਹਨ।ਸਿੱਧੇ ਸਾਧੇ ਲੋਕ ਮੰਦਰ ਮਸੀਤਾਂ ਦੀ ਪੂਜਾ ਪਾਠ ਵਿਚ ਬਹੁਤ ਯਕੀਨ ਕਰਦੇ ਹਨ।ਕਹਾਣੀ ਉਦੋਂ ਹੋਰ ਵੀ ਰੌਚਕ ਬਣ ਜਾਂਦੀ ਹੈ ਜਦੋਂ ਬਾਬਾ ਬੱਕਰੀਆਂ ਵਾਲਾ ਭਲਵਾਨਾਂ ਦੀ ਤਿਆਰੀ ਕਰਵਾਉਂਦਾ ਅਤੇ ਸਭ ਨੂੰ ਸੱਚਾਈ ਅਤੇ ਨਿਮਰਤਾ ਦਾ ਪਾਠ ਸਿਖਾਉਂਦਾ ਹੈ।ਹਰ ਇਕ ਪਾਠ ਦਾ ਨਾਮ ਦਰਜ ਕਰਕੇ ਲੇਖਕ ਨੇ ਪਾਠਕਾ ਅੰਦਰ ਜਗਿਆਸਾ ਵਧਾ ਦਿਤੀ ਹੈ।

ਜਗਦੀਸ਼ ਪੁਲਸੀਆ ਰੋਅਬ ਨਾਲ ਮਨ ਮਰਜ਼ੀਆਂ ਕਰਦਾ ਹੈ।ਉਹ ਦਿਲਾਵਰ ਦੀ ਘਰਵਾਲੀ ਚੰਚਲੋ ਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਰਖੈਲ ਬਨਾਉਣਾ ਚਾਹੁੰਦਾ ਹੈ।ਪੁੱਠੇ ਸਿੱਧੇ ਕੰਮਾਂ ਨਾਲ ਆਪਣੀ ਜੁੰਡਲੀ ਰਾਹੀਂ ਡਰਾਵਾ ਕਾਇਮ ਰੱਖਦਾ ਹੈ।ਉਸਦੀ ਅੱਤ ਉਦੋਂ ਹੋ ਜਾਂਦੀ ਹੈ ਜਦੋਂ ਉਹ ਦਿਲਾਵਰ ਦੇ ਕਤਲ ਨੂੰ ਜੰਗਲੀ ਜਾਨਵਰਾਂ ਦੁਆਰਾ ਮਾਰਿਆ ਦੱਸ ਕੇ ਸਾਰੇ ਕੇਸ ਨੂੰ ਦਬਾ ਦਿੰਦਾ ਹੈ।ਚੰਚਲੋ ਨੂੰ ਪਾਉਣਾ ਲਈ ਸਮਰਪਿਤ ਅਧਿਆਪਕ ਕੁੰਜ ਕੁਮਾਰ ਨੂੰ ਝੂਠੇ ਇਲਜਾਮ ਰਾਹੀ ਸਸਪੈਂਡ ਕਰਵਾ ਦਿੰਦਾ ਹੈ।ਇਸ ਦੇਸ਼ ਵਿਚ ਕੁੰਜ ਕੁਮਾਰ ਦੀ ਦੋਸਤ ਰੋਸ਼ਨੀ ਬਹੁਤ ਬਹਾਦਰੀ ਵਾਲੀ ਭੂਮਿਕਾ ਅਦਾ ਕਰਦੀ ਹੈ।ਉਹ ਚੰਚਲੋ ਸੁਨੈਨਾ ਅਤੇ ਸੁਰੰਜਣੀ ਵਰਗੀਆਂ ਪੀੜਤ ਔਰਤਾਂ ਦਾ ਸਹਾਰਾ ਬਣਦੀ ਹੈ ਅਤੇ ਮਾਸਟਰ ਨੂੰ ਇਸ ਝੂਠੇ ਇਲਜਾਮ ਤੋਂ ਬਰੀ ਕਰਵਾਉਣ ਵਿਚ ਸਫਲ ਹੋ ਜਾਂਦੀ ਹੈ।ਨਾਵਲ ਦਾ ਇਹ ਇਕ ਅਹਿਮ ਪੱਖ ਹੈ ਕਿ ਇਸ ਰਾਹੀਂ ਔਰਤ ਨੂੰ ਸਬਲਾ ਬਣਾਇਆ ਗਿਆ ਹੈ ਨਾ ਕੇ ਅਬਲਾ।ਇਹ ਔਰਤਾਂ ਰੌਸ਼ਨੀ ਦੀ ਪ੍ਰੇਰਨਾ ਨਾਲ ਹਰ ਮੁਸ਼ਕਿਲ ਕੰਮ ਕਰਨ ਲਈ ਤਿਆਰ ਹੋ ਜਾਂਦੀਆਂ ਹਨ।

ਨਾਵਲ ਵਿਚ ਜਾਤੀ ਅਧਾਰਤ ਮਸਲਿਆਂ ਨੂੰ ਵੀ ਗੰਭੀਰਤਾ ਨਾਲ ਉਠਾਇਆ ਗਿਆ ਹੈ।ਰਾਜਸੀ ਲੋਕ ਅਜਿਹੇ ਮਸਲਿਆਂ ਵਿਚ ਗੰਭੀਰ ਹੋਣ ਦੀ ਬਜਾਏ ਵੋਟਾਂ ਦੀ ਰਾਜਨੀਤੀ ਕਰਦੇ ਹਨ।ਸੱਚ ਝੂਠ ਦਾ ਨਤਾਰਾ ਕੀਤੇ ਬਗੈਰ ਹੀ ਕੱਟੜ ਲੋਕਾਂ ਜਾਂ ਬਹੁਲਤਾ ਨਾਲ ਰਲ ਜਾਂਦੇ ਹਨ।ਨਤੀਜਨ ਸੱਚ ਨੂੰ ਦਬਾਇਆ ਜਾਂਦਾ ਹੈ।ਜਾਂ ਇੰਜ ਕਹੀਏ ਕਿ ਸਾਡੀ ਵਿਵਸਥਾ ਨੂੰ ਕੁਰੀਤੀਆਂ ਦਾ ਘੁਣ ਲਗ ਚੁਕਾ ਹੈ।ਨਾਵਲ ਵਿਚ ਪਿੰਡ ਦੀ ਸਰਪੰਚਣੀ ਨੂੰ ਐਨਾ ਵੀ ਨਹੀਂ ਪਤਾ ਕਿ ਜਿਸ ਅਰਜੀ ਤੇ ਉਸਦੇ ਦਸਤਖਤ ਕਰਵਾਏ ਗਏ ਹਨ ਉਹ ਕਿਸ ਵਾਸਤੇ ਹੈ ?ਭਾਵ ਇਸ ਸਭ ਕੁਝ ਉਸਦੇ ਪਤੀ ਨੂੰ ਹੀ ਪਤਾ ਹੈ।ਪਾਠਕਾਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਦੇਸ਼ ਵਿਚ ਜਾਤੀ ਅਤੇ ਧਰਮ ਅਧਾਰਤ ਮੁੱਦਿਆਂ ਨੂੰ ਪੁਲਸੀਆ ਛੜਯੰਤਰ ਅਤੇ ਰਾਜਸੀ ਦਬਾਅ ਕਾਰਨ ਕਿੰਨਾ ਕੁਝ ਨਜਾਇਜ਼ ਕੀਤਾ ਜਾ ਰਿਹਾ ਹੈ।ਸਮਾਜਕ ਜਥੇਬੰਦੀਆਂ ਦੀ ਭੂਮਿਕਾ ਤੋਂ ਵੀ ਪਰਦਾ ਚੁਕਿਆ ਗਿਆ ਹੈ।




ਇਸ ਨਾਵਲ ਰਾਹੀਂ ਪਾਠਕਾਂ ਅੰਦਰ ਨਵੀਂ ਪ੍ਰੇਰਨਾ ਭਰੀ ਗਈ ਹੈ ਕਿ ਉਹਨਾਂ ਨੂੰ ਆਪਣੇ ਹੱਕਾਂ ਅਤੇ ਫਰਜ਼ਾਂ ਪ੍ਰਤੀ ਸੁਚੇਤ ਹੋ ਕੇ ਕਾਰਜ ਕਰਨ ਦੀ ਲੋੜ ਹੈ।ਹਰ ਇਸਤਰੀ ਨੂੰ ਰੌਸ਼ਨੀ ਵਾਂਗ ਬਹਾਦਰੀ ਭਰੇ ਕਾਰਜ ਕਰਨੇ ਚਾਹੀਦੇ ਹਨ।ਪਰਿਵਾਰਕ ਸਾਂਝ ਅਤੇ ਈਰਖਾ ਵੀ ਇਸ ਨਾਵਲ ਦੇ ਕੋਨਿਆਂ ਵਿਚ ਪਸਰੀ ਹੋਈ ਹੈ।ਯਾਰੀ ਦੋਸਤੀ ਨਿਭਾਉਣ ਦਾ ਚੱਜ ਅਚਾਰ ਵੀ ਸਿਖਾਇਆ ਗਿਆ ਹੈ।ਮਾਸਟਰ ਦੀ ਦੋਸਤ ਰੌਸ਼ਨੀ ਜਦੋਂ ਉਸ ਨੂੰ ਬਚਾਉਣ ਖਾਤਰ ਜਗਦੀਸ਼ ਤੇ ਝੂਠਾ ਇਲਜ਼ਾਮ ਲਾਉਣ ਲਈ ਤਿਆਰ ਹੋ ਜਾਂਦੀ ਹੈ ਤਾਂ ਕੁੰਜ ਕੁਮਾਰ ਇਸ ਕੰਮ ਤੇ ਰਾਜ਼ੀ ਨਾ ਹੋ ਕੇ ਆਪਣੇ ਸੁੱਚੇ ਸੁੱਚੇ ਕਿਰਦਾਰ ਦਾ ਵੀ ਸਬੂਤ ਦਿੰਦਾ ਹੈ।ਇਸ ਇਲਾਕੇ ਦੇ ਵਾਸੀਆਂ ਦੀ ਮਿਹਨਤ ਮੁਸ਼ੱਕਤ, ਧਾਰਮਿਕ ਬਿਰਤੀ, ਰਿਸ਼ਤਿਆਂ ਦਾ ਨਿੱਘ, ,ਆਰਥਿਕ ਪਾੜਾ, ਜਾਤੀ ਪ੍ਰਬੰਧ, ਪਿਆਰ ਮੁਹੱਬਤ ਅਤੇ ਕੁਦਰਤੀ ਵਰਤਾਰਿਆਂ ਦਾ ਬੜਾ ਭਾਵ ਪੂਰਤ ਵਰਨਣ ਮਿਲਦਾ ਹੈ।ਇਹਨਾਂ ਲੋਕਾਂ ਨੂੰ ਜੰਗਲੀ ਜਾਨਵਰਾਂ ਅਤੇ ਜੰਗਲੀ ਬਿਰਤੀ ਵਾਲੇ ਜਗਦੀਸ਼ ਵਰਗੇ ਪੁਲਸੀਆਂ ਦੀ ਮਾਰ ਝੱਲਣੀ ਪੈਂਦੀ ਹੈ।ਮਾਸਟਰ ਕੁੰਜ ਕੁਮਾਰ ਵਰਗੇ ਅਧਿਆਪਕ,ਰੌਸ਼ਨੀ ਵਰਗੀਆਂ ਔਰਤਾਂ,ਸਾਂਝੇ ਮੋਰਚੇ ਵਰਗੇ ਜਥੇਬੰਦਕ ਆਗੂਆਂ ਦੀ ਸਮਾਜ ਨੂੰ ਵਿਸ਼ੇਸ਼ ਲੋੜ ਹੈ।ਨਾਵਲ ਦਾ ਸੁਖਾਂਤਕ ਅੰਤ ਕੁੰਜ ਕੁਮਾਰ ਅਤੇ ਚੰਚਲੋ ਦੇ ਮਿਲਣ ਨਾਲ ਹੋਣ ਕਰਕੇ ਸਾਰੇ ਦੁੱਖ ਦਰਦ ਭੁਲਾ ਦਿੰਦਾ ਹੈ।ਨਾਵਲਕਾਰ ਇਸ ਕਿਰਤ ਨਾਲ ਨਾਵਲਕਾਰੀ ਦੇ ਖੇਤਰ ਵਿਚ ਇਕ ਹੋਰ ਮਾਰਕਾ ਮਾਰ ਜਾਂਦਾ ਹੈ।

-ਰਿਵੀਊਕਾਰ: ਬਲਜਿੰਦਰ ਮਾਨ
-ਮੋਬਾ: 98150 18947

## ਕਹਾਣੀ

# ਮਹਾਮਾਰੀ

ਏਹ ਤਾਂ ਨੂਪੇ-ਬੋਘੇ-ਮੀਹੇ ਵਰਗੇ ਗੱਦਾਰਾਂ ਦੀਆਂ ਬੇੜੀਆਂ 'ਚ ਵੱਟੇ ਪਏ...!!... ਨਹੀ ਹੁਣ ਨੂੰ ਨਕਸ਼ਾ ਹੋਰ ਦਾ ਹੋਰ ਹੋਣਾ ਸੀ.....!!!...ਖੜਕਵੇਂ ਸੰਗਰਾਮੀ ਘੋਲਾਂ ਨਾਲ ਜੁੜੀ ਪੰਜਾਬੀ ਅਣਖ ਐਉਂ ਹੀਣੀ ਨਹੀ ਸੀ ਹੋਣੀ , ਜਿਹੋ ਜਿਹੀ ਹੁਣ ਹੋਈ ਪਈ ਆ , ਕੁਰਸੀ ਭੁੱਖ ਪਿੱਛੇ..............., ' (ਇਸੇ ਕਹਾਣੀ ਵਿੱਚੋਂ )

--

ਦੋਨੋਂ ਧਿਰਾਂ ਆਪਣੀ -ਆਪਣੀ ਥਾਂ ਅੜੀਆਂ ਖਲੋਤੀਆਂ ਸਨ । ਲੰਬੜ ਧੜਾ ਆਖੇ - ਬਾਵੇ ਦਾ ਮੁੰਡਾ ਕਿਸ਼ਨ ਹੀ ਅਗਲਾ ਪਾਂਧਾ ਬਣੂ । ਉਹਦਾ ਹੱਕ ਬਣਦਾ । ਸਾਰਾ ਕੁਝ ਤਾਂ ਉਹ ਜਾਣਦਾ । ਉਹਦਾ ਬਾਪ ਸਮਝਾਉਂਦਾ ਰਿਹਾ ਚਿਰ ਤੋਂ ।ਟਿੱਕਾ ਕਿੱਦਾਂ ਲਾਉਣਾ , ਜੋਤ ਕਿੱਥੇ ਰੱਖਣੀ ਆ , ਆਰਤੀ ਕਿੱਦਾਂ ਕਰਨੀ ਆ । ਹੋਰ ਕਰਨਾ ਕੀ ਹੁੰਦਾ , ਸਵੇਰੇ ਸ਼ਾਮੀਂ ।' ਓਧਰ ਹੁਕਮ ਚੰਦ ਪਹਿਲਾਂ ਕੱਲਾ ਸੀ ਫਿਰ ਪੰਜ-ਸੱਤ ਜਣੇ ਹੋਰ ਜੁੜ ਗਏ । ਉਹ ਹੋਰ ਈ ਬੋਲੀ ਬੋਲਣ - 'ਪਾਂਧਾ ਨਹੀਂ ਹੁਣ ਪੁਜਾਰੀ ਚਾਹੀਦਾ ਪਿੰਡ ਨੂੰ । ਸਮੇਂ ਬਦਲ ਗਏ ਆ । ਪੜ੍ਹਿਆ-ਲਿਖਿਆ ਪੁਜਾਰੀ , ਪੂਜਾ ਪਾਤਰ, ਵੈਦਿਕ ਸ਼ਾਸ਼ਤਰਾਂ ਦਾ ਗਿਆਤਾ , ਸ਼ੁੱਧ-ਭਾਸ਼ਾ-ਸ਼ਾਸ਼ਤਰੀ । ' ਲੱਭੂ ਲੰਬੜ ਹੈਰਾਨ-ਪ੍ਰੇਸ਼ਾਨ । ਉਸ ਦੇ ਜੋਟੀਦਾਰ ਉਸ ਤੋਂ ਵੀ ਵੱਧ । ਉਹ ਆਖਣ- 'ਏਹ ਹੁਕਮੇ ਬਾਮ੍ਹਣ ਨੂੰ ਕੀ ਹੋ ਗਿਆ । ਚਾਰ ਦਿਨ ਭਰਾ ਕੋਲ ਕਾਦ੍ਹਾ ਗਿਆ , ਛੋਟੇ ਭਾਈ ਬਸ਼ੇਸ਼ਰ ਕੋਲ । ਏਦ੍ਹੀ ਤਾਂ ਸੁਰਤ ਈ ਮਾਰੀ ਗਈ । ਏਹ ਤਾਂ ਗੱਲਾਂ ਈ ਹੋਰ ਤਰ੍ਹਾਂ ਦੀਆਂ ਕਰਨ ਲੱਗ ਪਿਆ ।ਏਨੂੰ ਕੋਈ ਪੁੱਛੇ ,ਸਵੇਰੇ-ਸ਼ਾਮੀਂ ਜੋਤ ਜਗਾਉਣੀ ,ਜਾਂ ਟੇਪ ਲਾਉਣੀ ਆ ਰੇਡੂਏ ਤੇ ਭੇਟਾਂ ਆਲੀ । ਹੋਰ ਸੀੜ ਪੁੱਟਣੀ ਆ ਭਲਾ ।ਏਨੇ ਕੰਮ ਲਈ ਬਾਹਰੇ ਗਿਆਨ-ਗੋਸ਼ਟੇ ਦੀ , ਬਹੁਤੇ ਪੜ੍ਹਿਓਂ ਲਿਖਿਓਂ ਦੀ ਕੀ ਲੋੜ । '

ਬਾਵਾ ਰਾਮ ਦੇ ਅਸਤ ਹਰਦੁਆਰ ਤਾਰ ਆਉਣ ਤੱਕ ਦੀ ਗੱਲ ਕਿਸੇ ਤਣ-ਪੱਤਣ ਨਹੀਂ ਸੀ ਲੱਗੀ । ਦੋਨੋਂ ਧਿਰਾਂ ਨਾ ਤਾਂ ਬਹੁਤਾ ਉਭਾਬਰ ਕੇ ਆਹਮੋ-ਸਾਹਮਣੇ ਆਈਆਂ , ਨਾ ਹੀ ਬਾਹਰਲੀਆਂ ਚੁੱਪ ਗੜੁੱਪ ਹੀ ਰਹੀਆਂ । ਹਿੱਲਦੀ -ਤੁਰਦੀ ਗੱਲ ਪਿੰਡ ਦੀ ਲਹਿੰਦੀ ਬਾਹੀ ਤੱਕ ਵੀ ਖਿੱਲਰ ਗਈ । ਲਹਿੰਦੀ ਬਾਹੀ ਗੁਰਦੁਆਰਾ ਸੀ , ਬਾਹਰਲੀ ਫਿਰਨੀ ਦੇ ਅੰਦਰ ਵੰਨੀ । ਮੂੰਹ ਚੜ੍ਹਦੇ ਪਾਸੇ । ਜਾਗੀਰੇ ਸਰਪੰਚ ਦੀ ਕੋਠੀ ਵੱਲ ਨੂੰ । ਸਵੇਰੇ -ਸ਼ਾਮੀਂ ਗੁਰਦੁਆਰੇ ਆਉਂਦਾ ਜਾਂਦਾ , ਹਰ ਕੋਈ ਜਗੀਰੇ ਨੂੰ ਸਾਬ੍ਹ-ਸਲਾਮ ਕਰਦਾ । ਕੋਈ ਕੋਈ ਜਣਾ ਰੁਕਦਾ ਵੀ ਉਸ ਪਾਸ । ਫਤੇਹ-ਫਤਹੀ ਪਿੱਛੋਂ ਐਧਰ-ਓਧਰ ਦੀਆਂ ਕਰਦਿਆਂ ਮੰਦਰ ਮਸਲਾ ਵੀ ਛਿੜਦਾ ਰਿਹਾ । ਅੱਗੋਂ ਸਰਪੰਚ ਦੀ ਹਾਹੋ-ਅੱਛਾ ਨੇ ਕਿਸੇ ਨੂੰ ਕੋਈ ਨਿਠਵਾਂ ਉੱਤਰ ਨਹੀਂ ਸੀ ਦਿੱਤਾ ।ਜੇ ਕਿਸੇ ਨੇ ਬਾਹਰੀ ਈ ਤਾਂਘ ਜਿਹੀ ਰੱਖੀ ਤਾਂ ਕਹਿ ਛੱਡਿਆ - 'ਏਹ ਭਾਈ ਅਗਲਿਆਂ ਦੇ ਵਿਹੜੇ ਦਾ ਮਾਮਲਾ ਐ । ਉਹਨਾਂ ਦੇ ਧਰਮ-ਕਰਮ ਦਾ ਮਸਲਾ । ਅਸੀਂ-ਤੁਸੀਂ ਬਾਹਰੀ ਨਹੀਂ ਦਖਲਅੰਦਾਜ਼ੀ ਕਰ ਸਕਦੇ । ਊਂ ਜੇ ਪੰਚੈਤ ਤੱਕ ਗੱਲ ਪੁੱਜੂ , ਫੇਰ ਸੋਚ -ਵਿਚਾਰ ਲਾਂਗੇ ।'

ਕਹਿਣ ਨੂੰ ਤਾਂ ਉਹ ਤੋਂ ਏਹੀ ਗੱਲ ਭਾਈਆਂ ਦੇ ਕਰਮੇ ਨੂੰ ਵੀ ਆਖੀ ਗਈ , ਕਰਮਵੀਰ ਨੂੰ ਇਕ ਦਿਨ ।ਅੱਗੋਂ ਕਰਮਵੀਰ ਨੇ ਉਸਨੂੰ ਹੋਰ ਈ ਬਾਰੀਕ-ਬੀਨੀ ਕਹਿ ਸੁਣਾਈ ਜਿਸ ਨੂੰ ਸੁਣ ਕੇ ਇਕ ਵਾਰ ਤਾਂ ਜਗੀਰਾ ਜਿਵੇਂ ਅੱਧ-ਅਸਮਾਨੇ ਲਟਕ ਗਿਆ ਸੀ । ਪਿਛਲੇ ਵੀਹ ਵਰ੍ਹਿਆਂ ਤੋਂ ਲਗਾਤਾਰ ਸਰਪੰਚੀ ਕਰਦੇ ਦੀ ਉਸਦੀ ਐਹੋ ਜਿਹੀ ਦਸ਼ਾ ਕਦੀ ਨਹੀਂ ਸੀ ਬਣੀ । ਪਿਤਾ-ਪੁਰਖੀ ਢੰਗ ਦੇ ਫੈਸਲੇ ਕਰਦੇ ਉਸਦੇ ਸਰਪੰਚੀ ਸੁਭਾਅ ਨੇ ਕਿਸੇ ਵੀ ਛੋਟੇ-ਵੱਡੇ ਦੀ ਪੁੱਛ-ਗਿੱਛ ਦਾ ਕਦੀ ਸਾਵਾਂ -ਢੁੱਕਵਾਂ ਉੱਤਰ ਨਹੀਂ ਸੀ ਦਿੱਤਾ । ਉਸੇ ਚਲਾਵੀਂ ਚਾਲੇ ਚਲਦੇ ਨੇ ਉਸਨੇ ਕਰਮਵੀਰ ਨੂੰ ਵੀ ਇਵੇਂ ਹੀ ਆਖ ਦਿੱਤਾ - ' ਕਰਮਿਆਂ ਤੂੰ ਤਾਂ ਪੜ੍ਹਿਆ-ਲਿਖਿਆ ਮੁੰਡਾਂ, ਤੈਨੂੰ ਤਾਂ ਪਤਾ ਈ ਐ, ਦੂਜੇ ਦੇ ਧਰਮ-ਕਾਰਜ 'ਚ ਆਪਾਂ ਦਖਲਅੰਦਾਜ਼ੀ ਕਿੱਦਾਂ ਕਰ ਸਕਦੇ ਆਂ, ਭਲਾ ! '

ਮਸਲਾ ਧਰਮ-ਕਾਰਜ ਦਾ ਨਈਂ ਸਰਪੰਚ ਸਾਬ੍ਹ ਮਸਲਾ ਪਿੰਡ ਦਾ ਐ । ਪਿੰਡ ਦੇ ਤਾਣੇ-ਬਾਣੇ ਨੂੰ ਬਦਲਵੇਂ ਰੰਗ 'ਚ ਰੰਗਣ ਦਾ ਆ , ਇੱਕ ਖਾਸ ਤਰ੍ਹਾਂ ਦਾ ਚੋਗਾ-ਧਾਰੀ ਮੰਦਰ 'ਚ ਬੀੜ ਕੇ । ਤੂਹਾਨੂੰ ਪਤਾ ਤਾਂ ਹੈ ਈ , ਹੁਕਮ ਚੰਦ ਦਾ ਭਰਾ ਠੇਕੇਦਾਰੀ ਕਰਦਾ ਮੋਦੀ ਨਗਰ ਬੰਦਰਗਾਹ 'ਤੇ । ਉਸਦਾ ਤਾਲਮੇਲ ਅੱਗੋਂ ਮੋਟੇ ਸ਼ਾਹੂਕਾਰਾਂ ਆਪਦੀ ਮਨਮਰਜ਼ੀ ਸਰਕਾਰਾਂ ਬਣਾਉਂਦੇ ਹਰ ਥਾਂ । ਲੋਕ ਮਸਲਿਆਂ ਦੀ ਥਾਂ ਸਰਕਾਰਾਂ ਵੱਡੇ-ਘਰਾਂ ਦੀ ਜੀ ਹਜ਼ੂਰੀ ਦੀ ਕਰਦਿਆਂ ਜਾਂ ਜਾਤਾਂ-ਗੋਤਾਂ ਧਰਮਾਂ ਦੀ ਆੜ 'ਚ ਵੋਟਾਂ ਦੀ ਪੈਰਵੀ । ਹੁਣ ਉਹੀ ਪੈਰਵੀ ਪਿੰਡਾਂ ਥਾਵਾਂ ਦੇ ਵੋਟਰ ਭਰਮਾਉਣ ਵੱਲ ਨੂੰ ਨਿਕਲ ਤੁਰੀ ਆ । ਹੁਕਮ ਚੰਦ ਤਾਂ ਨਿਰਾ ਹੱਥ-ਠੋਕਾ ਈ ਆ ਉਹਨਾਂ ਦਾ ।'

ਕਿਹੋ ਜਿਹੀਆਂ ਗੱਲਾਂ ਕਰਦਾਂ ਤੂੰ ਪਾੜ੍ਹਿਆ । ਏਹ ਵੋਟਾਂ ਦੀ ਘੈਂਸ-ਘੈਂਸ ਸਾਡੇ ਮੰਦਰ ਤੱਕ ਕਿੱਦਾਂ ਅੱਪੜ ਗਈ । ਮਸਲਾ ਤਾਂ ਅਗਲਾ ਪਾਂਧਾ ਰੱਖਣ ਦਾ । ਮੇਰੇ ਲਈ ਜਿਹੋ ਜਿਹਾ ਹੁਕਮਾ, ਉਹੋ ਜਿਹਾ ਲੱਭੂ । ਦੋਨੋਂ ਬਰਾ-ਬਰੋਬਰ ਦੇ ਪੰਚੈਤ, ਇਕੋ ਵਿਹੜਿਓਂ । ਦੋਨੋਂ ਸਿਆਣੇ ਬਿਆਣੇ ਆਪੋ ਵਿੱਚ ਦੀ ਕਰ ਲੈਣਗੇ ਕੋਈ ਫੈਸਲਾ । ਉਹਨਾਂ ਦੇ ਆਪਣੇ ਪਾਸੇ ਦਾ ਮਾਮਲਾ , ਚੜ੍ਹਦੇ ਪਾਸੇ ਦਾ । ' ਜਗੀਰੇ ਨੇ ਆਪਣਾ ਪੱਖ ਫਿਰ ਲਕੋਈ ਰੱਖਿਆ ।

' ਪਾਸਾ ਚੜ੍ਹਦਾ ਹੋਵੇ ਜਾਂ ਲਹਿੰਦਾ , ਹੈ ਤਾਂ ਪਿੰਡ ਦਾ ਈ ਨਾ ਆਪਣੇ ਪਿੰਡ ਈਸਾਪੁਰ ਦਾ । ' ਇਸ ਤੋਂ ਅਗਾਂਹ ਕਰਮਵੀਰ ਨੇ ਕੁਝ ਨਹੀਂ ਸੀ ਕਿਹਾ ਜਾਗੀਰੇ ਨੂੰ । ਵਾਪਿਸ ਪਰਤ ਆਇਆ ਸੀ , ਘਰ । ਉਸ ਨੂੰ ਜਾਪਿਆ ਸੀ ਸਰਪੰਚ ਹੋਣੀ ਜਾਣ-ਬੁੱਝ ਕੇ ਅਣਜਾਣ ਬਣਦੇ ਆ ।ਪਰ , ਜਾਗੀਰਾ ਆਪਣੀ ਥਾਂ ਡਾਵਾਂਡੋਲ ਸੀ । ਕਰਮੇ ਦੀ ਆਖੀ ਪੂਰੀ ਤਰ੍ਹਾਂ ਸਮਝ ਤਾਂ ਨਹੀਂ ਸੀ ਪਈ , ਪਰ ਸ਼ੱਕ-ਸ਼ੁਭਾ ਦੇ ਹਵਾਲੇ ਜ਼ਰੂਰ ਕਰ ਗਈ ਸੀ , ਉਸ ਨੂੰ । ਉਸ ਨੇ ਸੋਚਿਆ - 'ਕਰਮੇ ਨੇ ਔਹੋ ਜਿਹੀ ਡੂੰਘੀ ਗੱਲ ਪਹਿਲੋਂ ਤਾਂ ਕਦੇ ਨਈਂ ਕੀਤੀ । ਜ਼ਰੂਰ ਕੋਈ ਵਲ-ਵਲੇਵਾਂ ਹੋਣਾ ਹੁਕਮੇ ਦੀ ਅੜੀ ਪਿੱਛੇ । ਨਹੀਂ , ਪਹਿਲੋਂ ਵੀ ਐਥੇ ਈ ਸੀ ਉਹ ਐਨੇ ਚਿਰਾਂ ਤੋਂ । ਸਾਡੇ ਆਂਗੂੰ ਖੇਤਾਂ-ਬੰਨ੍ਹਿਆਂ ਦੀ ਦੇਖਭਾਲ ਈ ਕਰਦਾ ਰਿਹਾ , ਹੁਣ ਤਾਈ । ਕੰਮ ਤਾਂ ਚਲੋ ਵਿਹੜੇ ਆਲੀ ਲੇਬਰ ਈ ਕਰਦੀ ਆਈ ਆ, ਉਹਦਾ ਵੀ ਸਾਡਾ ਵੀ । ਉਹਨੂੰ ਤਾਂ ਪਹਿਲੋਂ ਪੰਚੀ ਲਈ ਵੀ ਮਸਾਂ ਮਨਾਉਂਦੇ ਸੀ ਆਪਾਂ , ਜ਼ੋਰ-ਜ਼ਾਰ ਪਾ ਕੇ । ਉਹ ਤਾਂ ਐਹੋ ਜਿਹੀ ਚੌਧਰ ਤੋਂ ਭਾਜੂ ਈ ਰਿਹਾ ਹੁਣ ਤੱਕ । ਹੁਣ ਕੀ ਹੋ ਗਿਆ ਉਹਨੂੰ । '

ਧੁੱਪ 'ਚ ਘਿਰ ਗਈ ਕੁਰਸੀ ਨੂੰ ਛਾਂ ਵੱਲ ਨੂੰ ਸਰਕਾਉਂਦਾ ਉਹ ਅਜੇ ਵੀ ਹੁਕਮ ਚੰਦ ਨਾਲ ਹੀ ਜੁੜਿਆ ਹੋਇਆ ਸੀ -'ਮੋਦੀ ਨਗਰ ਕਾਦ੍ਹਾ ਗਿਆ ਦੋ ਕੁ ਵਾਰ , ਉਹਦੀ ਤਾਂ ਚਾਲ-ਢਾਲ ਈ ਬਦਲ ਗਈ ਲਗਦੀ । ਉਹਨੇ ਭਲਾ ਕੀ ਲੈਂਣਾ ਕਿਸੇ ਬਾਹਰਲ੍ਹੇ ਪਾਂਧੇ-ਪੁਜਾਰੀ ਤੋਂ । ਕਰਨਾ ਤਾਂ ਧੂਫ-ਟਿੱਕਾ ਈ ਆ ਸਵੇਰੇ -ਸ਼ਾਮੀਂ , ਬਾਵਾ ਰਾਮ ਆਂਗੂੰ .....।'

ਬਾਵਾ ਰਾਮ ਦਾ ਚੇਤਾ ਆਉਂਦਿਆਂ ਸਾਰ ਉਹ ਦੂਰ ਪਿਛਾਂਹ ਪਰਤ ਗਿਆ । ਕਰੀਬ ਅੱਧੀ ਸਦੀ ਪਹਿਲੋਂ ਵਾਲੇ ਪੁਰਾਣੇ ਘਰ 'ਚ । ਪੁਰਾਣੇ ਘਰ ਦੇ ਖੁੱਲ੍ਹੇ ਵਿਹੜੇ 'ਚ । ਜਿਸ ਥਾਂ ਹੁਣ ਕੋਠੀ ਖੜ੍ਹੀ ਆ, ਆਲੀਸ਼ਾਨ । ਓਦੋਂ , ਵਿਹੜਾ ਹੁਣ ਵਾਂਗ ਉੱਸੇ ਵਾਸਲ੍ਹੇ ਨਾਲ ਨਹੀਂ ਸੀ ਘਿਰਿਆ ਹੁੰਦਾ । ਬੱਸ, ਕਿੱਕਰ ਦੇ ਛਾਪੇ ਰੱਖੇ ਹੁੰਦੇ ਸਨ ਚਿਣਕੇ , ਡੰਗਰਾਂ-ਪਸ਼ੂਆਂ ਦੇ ਬਚ-ਬਚਾਅ ਲਈ । ਇਕ ਕੋਣੇ ਲਾਂਘਾ ਹੁੰਦਾ ਸੀ ਗੱਡਾ ਲੰਘਣ ਨੂੰ । ਉਹ ਵੀ ਰਾਤ ਵੇਲੇ ਡਾਹੀ ਰੱਖ ਕੇ ਰੋਕ ਲਿਆ ਜਾਂਦਾ । ਬਾਕੀ ਸਾਰਾ ਦਿਨ ਖੁੱਲਾ । ਬਾਵੇ ਦੀ ਆਮਦ ਵੀ ਇਸੇ ਲਾਂਘੇ ਰਾਹੀਂ ਹੁੰਦੀ । ਕਰੀਬ ਛਾਹ ਕੁ ਜਾਂਦਾ । ਗਜ਼ਾ ਸਮੱਗਰੀ ਮੰਜੀ 'ਤੇ ਰੱਖ ਕੇ ਉਹ ਜਾਗੀਰੇ ਨੂੰ ਘੁਨੇੜੀ ਚੁੱਕ ਲਿਆ ਕਰਦਾ ਸੀ । ਕੁਤ-ਕੁਤਾਰੀਆਂ ਕੱਢਦਾ ਉਸ ਨੂੰ ਰੱਜ ਕੇ ਹਸਾਉਂਦਾ ਸੀ , ਮੰਜੀ ਦੁਆਲੇ ਘੁੰਮ ਕੇ । ਜੇ ਕਿਧਰੇ ਜਾਗੀਰਾ ਢਿੱਲਾ-ਮੱਠਾ ਹੁੰਦਾ , ਉਹ ਪੱਤਰੀ ਖੋਲ੍ਹ ਕੇ ਉਸਨੂੰ ਪੰਨੇ ਦੀ ਕਿਸੇ ਡੱਬੀ ਤੇ ਉਂਗਲੀ ਰੱਖਣ ਨੂੰ ਆਖਦਾ । ਫਿਰ ਅੱਖਾਂ ਮੀਟ ਕੇ ਕੁਝ ਪੜ੍ਹਦਾ-ਉਚਾਰਦਾ , ਹੇਕ ਲਾ ਕੇ । ਫਿਰ , ਪੰਜ ਸੱਤ ਫੂਕਾਂ ਜਾਗੀਰੇ ਦੇ ਮੱਥੇ ਤੇ ਮਾਰ ਕੇ ਆਖਿਆ ਕਰਦਾ ਸੀ - ਲੇਅ ਮੇਰਾ ਬੱਚਾ ਅਭ ਸੁਅਰਥ ਹੋਈ ਗੈਆ ।' ਤੇ ਸੱਚਮੁੱਚ ਜਾਗੀਰੇ ਦੀ ਮਾਤਾ ਚਿੰਤੋ ਨੂੰ ਲਗਦਾ ਸੀ ਕਿ ਗੀਂ-ਗੀਂ ਕਰਦਾ ਉਸਦਾ ਪੁੱਤਰ ਝੱਟ ਹੱਸਣ-ਮੁਸਕਰਾਉਣ ਲੱਗ ਪਿਆ ਐ ।

ਇਹ ਉਸਦੇ ਹੱਥਾਂ ਦੀ ਛੋਹ ਸੀ ਜਾਂ ਅਗਲੇ ਦਾ ਦੁੱਖ-ਦਰਦ ਹਰਨ ਦੀ ਵਿਧੀ, ਕਿ ਜਾਗੀਰੇ ਸਮੇਤ ਪਿੰਡ ਦੇ ਸਾਰੇ ਜੀਅ ਅੰਤਲੇ ਸਾਹਾਂ ਤੱਕ ਉਸਨੂੰ ਆਪਣਾ-ਆਪਣਾ ਸਮਝਦੇ ਰਹੇ ਸਨ । ਹੁਣ...ਹੁਣ ਉਸ ਦੇ ਚਲੇ ਜਾਣ ਤੋਂ ਪਿੱਛੋਂ ਕਿਸ਼ਨ ਨੂੰ , ਉਸਦੇ ਪੁੱਤਰ ਨੂੰ ਮੰਦਰ -ਸੇਵਾ ਤੋਂ ਲਾਂਭੇ ਕਰਨਾ ਸਚਮੁੱਚ ਧੱਕਾ ਕਰਨ ਵਾਲੀ ਗੱਲ ਜਾਪਦੀ ਸੀ ਉਹਨਾਂ ਨੂੰ , ਬਾਵਾ ਰਾਮ ਨਾਲ ।

ਕਰਮਵੀਰ ਦੀ ਆਖੀ-ਦੱਸੀ , ਜਾਗੀਰੇ ਅੰਦਰ ਬਹੁਤਾ ਨਹੀਂ ਤਾਂ ਐਨਾ ਕੁ ਸ਼ੱਕ-ਸੁਭਾ ਜ਼ਰੂਰ ਜਗਦਾ ਕਰ ਗਈ - 'ਏਦ੍ਹੇ 'ਚੋਂ ਹੁਕਮ ਚੰਦ ਨੂੰ ਕੀ ਮਿਲੂ ਭਲਾ ! ' ਸਹਿ-ਸੁਭਾਅ ਹੀ ਉਸਦੇ ਬੋਲ ਹੁਕਮ ਚੰਦ ਦੁਆਲੇ ਲਿਪਟ ਗਏ । ਆਪਣੇ ਘਰ ਸੱਦਣ ਦੀ ਬਜਾਏ ,ਉਹ ਅਗਲੇ ਹੀ ਦਿਨ ਲੌਢੇ ਕੁ ਵੇਲੇ ਉਚੇਚ ਨਾਲ ਹੁਕਮ ਚੰਦ ਦੇ ਥੜ੍ਹੇ ਤੇ ਪਈਆਂ ਕੁਰਸੀਆਂ 'ਚੋਂ ਇਕ 'ਤੇ ਜਾ ਬੈਠਾ । ਚਾਂਦੀ ਰੰਗੇ ਹੁੱਕੇ ਦੀ ਲੰਮੀ ਨਾਲੀ ਮੂੰਹ ਨੂੰ ਲਾਈ ਹੁਕਮ ਚੰਦ ਲੱਕੜ ਦੇ ਤਖਤ-ਪੋਸ਼ ਤੇ ਬੈਠਾ ਸੀ । ਹਲਕਾ ਜਿਹਾ ਹੁੱਬੂੰ ਮਾਰ ਕੇ ਹੁਕਮੇ ਨੇ ਉਸਦੀ ਆਮਦ ਨੂੰ ਜੀ-ਆਇਆਂ ਆਖਿਆ -ਆਈਏ ਸਰਪੰਚ ਸੈਸ਼,ਸ਼ੁਕਰ ਹੈਅ ਆਪ ਕੋ ਸਮਾਂ ਮਿਲਿਆ ਹਮਰੇ ਵੰਨੀ ਆਨੇ ਕਾ । ' ਜਾਗੀਰੇ ਨੂੰ ਉਸਦੀ ਚੰਗੀ ਭਲੀ ਭਾਸ਼ਾ 'ਚ ਨਵੀਂ ਕਿਸਮ ਦਾ ਰਲਾਅ ਚੁੱਭਿਆ ਤਾਂ ਜ਼ਰੂਰ , ਪਰ ਉਸਨੇ ਹਊ-ਪਰੇ ਕਰ ਦਿੱਤਾ । ' ਸਮਾਂ ਈ ਸਮਾਂ ਆ ਅਪਣੇ ਪਾਸ , ਹੁਕਮ ਚੰਦ ਜੀਈ । ਤੁਸੀਂ ਈ ਬੜਾ ਚਿਰ ਲਾ ਕੇ ਮੁੜੇ ਆਂ ਇਸ ਵਾਰ ਮੋਦੀ ਨਗਰੋਂ । ਹੁਕਮ ਕਰੋ , ਹੁਣ ਮੈਂ ਹਰ-ਰੋਜ਼ ਆ ਜਿਆ ਕਰ ?, ਐਸਲੇ ', ਉਸਦੇ ਲਿਸ਼ਕੇ-ਪੁਸ਼ਕੇ ਬਸਤਰ ਦੇਖ ਕੇ ,ਇਸ ਵਾਰ ਜਾਗੀਰੇ ਤੋਂ ਸਹਿ-ਸੁਭਾਅ ਹੀ ਤੂੰ ਦੀ ਤਾਂ ਤੁਸੀਂ ਦੇ ਸੰਬੋਧਨ ਦੀ ਵਰਤੋਂ ਹੋ ਗਈ ।

ਮੋੜ ਵਜੋਂ ਹੁਕਮ ਚੰਦ ਨੂੰ ਕੋਈ ਖਾਸ ਉੱਤਰ ਨਾ ਅਹੁੜਿਆ । ਤਾਂ ਵੀ ਲਮਕਵੀਂ ਜਿਹੀ ਹੂੰਅ-ਹਾਂਅ ਪਿੱਛੋਂ ਉਸ ਨੂੰ ਕਰੀਬ ਦੋ ਮਹੀਨੇ ਮੋਦੀ ਨਗਰ ਰਹਿਣ-ਰੁਕਣ ਦਾ ਕਾਰਨ ਦੱਸਣਾ ਪਿਆ - ' ਬਾਤ ਏਹ ਥੀ ਸਰਪੰਚ ਸੈਬ , ਛੋਟੇ ਪਆਈ ਐਮ.ਐਲ.ਏ. ਦੀ ਚੋਣ ਲੜ ਰਹੇ ਥੇ , ਆਪਣੇ ਸ਼ੈਹਰ ਤੋਂ । ਮੇਰੇ ਕੋਲ ਉਠ ਕੇ ਦਫ਼ਤਰ ਦੀ ਸੰਭਾਲ ਕਰਨੀ ਪਈ । '

ਫੇਅਰ ਤਾਂ ਵਧਾਈਆਂ ! ਚੋਣ ਤਾਂ ਤੁਸੀ ਜਿੱਤ ਈ ਗਏ ਹੋਵੋਂਗੇ ? ਜਾਗੀਰੇ ਨੇ ਸਿੱਧੇ-ਅਸਿੱਧੇ ਜਿੱਤ-ਹਾਰ ਦੀ ਗੱਲ ਵੀ ਪੁੱਛ ਲਈ ।

' ਹਾਂ ਜੀਤ ਗਏ , ਪ੍ਰਭੂ ਕੀ ਅਪਾਰ ਕਿਰਪਾ ਹੋਈ । ਬੜੇ ਫਰਕ ਨਾਲ ਜਿੱਤੇ ' । ਅਸੈਂਬਲੀ ਜਿੱਤ ਦਾ ਜਲੌਅ ਹੁਕਮ ਚੰਦ ਦੇ ਚਿਹਰੇ 'ਤੇ ਗੂੜ੍ਹਾ ਚਮਕ ਰਿਹਾ ਸੀ ।

ਏਹ ਤਾਂ ਹੋਰ ਵੀ ਖੁਸ਼ੀ ਦੀ ਗੱਲ ਐ । ਪਿੰਡ ਦਾ ਮਾਣ ਵਧਿਆ , ਨਾਂ ਉੱਚਾ ਹੋਇਆ ਹੋਰਨਾਂ ਸੂਬਿਆਂ 'ਚ ਵੀ ' , ਜਾਗੀਰੇ ਨੇ ਉਸਨੂੰ ਭਰਮਾਉਣ ਦਾ ਇਕ ਹੋਰ ਯਤਨ ਕੀਤਾ ।

ਇਸ ਵਾਰ ਹੁਕਮ ਚੰਦ ਦੇ ਜੁੜੇ ਹੱਥ ਪਹਿਲਾਂ ਆਕਾਸ਼ ਵੱਲ ਨੂੰ ਉੱਠੇ,ਫਿਰ ਮੱਥੇ ਨਾਲ ਜੁੜ ਕੇ ਮੰਦਰ ਵੱਲ ਨੂੰ ਲਿਫ ਗਏ । ਪਰ ਬੋਲਿਆ ਕੁਝ ਨਾ । ਉਸਦੀ ਚੁੱਪ ਕਾਰਨ ਜਾਗੀਰੇ ਨੂੰ ਅਗਲੀ ਗੱਲ ਸ਼ੁਰੂ ਕਰਨ ਦਾ ਕੋਈ ਬਿੰਦੂ ਨਾ ਲੱਭਾ । ਥੋੜ੍ਹਾ ਕੁ ਚਿਰ ਚੁੱਪ ਰਹਿਣ ਪਿੱਛੋਂ,ਬਾਵਾ ਰਾਮ ਦੇ ਪ੍ਰਲੋਕ ਸਿਧਾਰਨ ਦੀ ਗੱਲ ਨਾ ਚਹੁੰਦਿਆਂ ਵੀ ਉਸ ਨੇ ਇਸ਼ਾਰੇ ਮਾਤਰ ਹੀ ਛੇੜੀ - ' ਤੇਰੇ ਪਿੱਛੋਂ ਬਾਵਾ ਰਾਮ ਪਾਂਧਾ.....ਵਿਚਾਰਾ.....।'

ਹੁਕਮ ਚੰਦ ਨੇ ਜਿਵੇਂ ਉਸ ਨੂੰ ਸੁਣਿਆ ਹੀ ਨਾ ਹੋਵੇ ।ਉਸ ਨੇ ਇਸ ਨੂੰ ਜਿੱਤ ਦੇ ਸ਼ਗਨ 'ਚ ਸ਼ਾਇਦ ਅਪਸ਼ਗਨ ਸਮਝਿਆ ਸੀ ।

ਦੋ-ਚਾਰ ਐਧਰ-ਓਧਰ ਦੀਆਂ ਹੋਰ ਕਹਿ-ਸੁਣ ਕੇ ਜਾਗੀਰਾ ਵਾਪਸ ਮੁੜਨ ਲਈ ਉਠ ਖੜੋਇਆ । ਬਦਲਵੀਂ ਆਦਤ ਮੂਜਬ ਹੁਕਮ ਚੰਦ ਨੇ ਫਿਰ ਢੱਲੇ ਜਿਹੇ ਹੱਥ ਜੋੜ ਦਿੱਤੇ, ਬੋਲਿਆ ਕੁਝ ਨਾ ।

ਘਰ-ਕੋਠੀ ਮੁੜਦਾ ਜਾਗੀਰਾ ਇਕ ਘਰ ਫਿਰ ਕਰਮੇ ਪਾੜ੍ਹੇ ਦੇ ਰੂ-ਬ-ਰੂ ਸੀ -'...ਹੁਕਮ ਚੰਦ ਤਾਂ ਵਿਚਾਰਾ ਹੱਥ ਠੋਕਾ ਆ ਉਨ੍ਹਾਂ ਦਾ । ' ਇਸ ਵਾਰ ਜਾਗੀਰੇ ਨੂੰ ਕਰਮੇ ਦੀ ਗੱਲ ਓਪਰੀ ਨਹੀਂ ਸੀ ਲੱਗੀ । ਪੰਡਤਾਂ ਵਿਹੜੇ ਦੇ ਦੋਨੋਂ ਮੈਂਬਰ ਵੀ ਬਰਾ ਬਰੋਬਰ ਦੇ ਪੰਚਾਇਤ ਮੈਂਬਰ ਨਹੀ ਸੀ ਲੱਗੇ। ਹੁਕਮ ਚੰਦ ਅੰਦਰ ਆਈ ਤਬਦੀਲੀ ਉਸਨੂੰ ਵੱਖਰੀ ਤਰ੍ਹਾਂ ਦੇ ਸੰਕੇਤ ਦਿੰਦੀ ਜਾਪੀ , ਬਾਵਾ ਰਾਮ ਦੇ ਪੁੱਤਰ ਕਿਸ਼ਨ ਚੰਦ ਦੀ ਤਾਂ ਕਿਸੇ ਓਪਰੇ ਬੰਦੇ ਨੂੰ ਮੰਦਰ-ਪਾਂਧਾ ਲਾਉਣ ਦਾ ਮੁੱਦਾ ਉਸਨੂੰ ਕਰਮੇ ਦੀ ਆਖੀ-ਦੱਸੀ ਨਾਲ ਜੁੜਦਾ ਜਾਪਿਆ ।

ਘਰ ਪੁੱਜਾ ਤਾਂ ਲੱਭੂ ਲੰਬੜ ਆਇਆ ਬੈਠਾ ਸੀ । ਉਸਨੇ ਜਾਂਦੇ ਨੂੰ ਸਿੱਧਾ ਸਵਾਲ ਦਾਗ ਦਿੱਤਾ -ਕੀ ਕਹਿੰਦਾ ਸੀ ਹੁਕਮਾ .....?

' ਕੁਝ ਨਹੀਂ , ਬਸ਼ੇਸ਼ਰ ਦੀਆਂ ਗੱਲਾਂ ਕਰਦਾ ਸੀ , ਉਹਦੀ ਚੋਣ ਦੀਆਂ ।ਐਮ.ਐਲ.ਏ. ਬਣ ਗਿਆ ਉਹ ਉਥੇ । ...ਹੋਰ ਉਸਨੇ ਕੋਈ ਗੱਲ ਨਹੀਂ ਕੀਤੀ ਐਥੋਂ ਦੀ , ਨਾ ਮੰਦਰ ਦੀ , ਨਾ 'ਫਸੋਸ ਕੀਤਾ ਬਾਵਾ ਰਾਮ ਦਾ , ' ਜਾਗੀਰੇ ਦਾ ਉੱਤਰ ਕਾਫੀ ਸਾਰਾ ਹਰਖੀਲਾ ਸੀ ।

' ਉਹਨੇ ਕਾਨੂੰ ਕਰਨੀ ਆਂ । ਉਦ੍ਹੇ ਪੈਰ ਤਾਂ ਚਿਰਾਂ ਤੋਂ ਚੁੱਕ ਹੋਇਓ ਆ । ਜਦ ਦਾ ਠੇਕੇਦਾਰੀ ਕਰਨ ਲੱਗਾ ਬਸ਼ੇਸ਼ਰ । ਰਹਿੰਦੀ ਕਸਰ, ਹੁਣ ਚੜ੍ਹੀਆਂ -ਚੋਣਾਂ ਨੇ ਪੂਰੀ ਕਰ ਛੱਡੀ .......। ਐਮੇ ਨਈਂ ਘੁਣਤਰਾਂ ਸੁੱਝਦੀਆਂ ', ਭਰਿਆ-ਪੀਤਾ ਲੰਬੜ ਮੰਦਰ ਮੁੱਦਾ ਹੱਲ ਕਰਨ ਲਈ ਹੱਦੋਂ ਵੱਧ ਕਾਹਲਾ ਸੀ -'...ਕਰਦੇ ਆਂ ਏਦ੍ਹਾ ਕੋਈ ਅਲਾਜ ! '

ਦੇਖ ਲਓ....ਕਰ ਲਓ ਕੋਈ ਹੀਲਾ-ਵਸੀਲਾ ਆਪੋ-ਵਿੱਚ ਈ । ਨਈਂ ਫੇਅ ਮਸਲਾ ਪਚੈਤ 'ਚ ਲੈ ਆਓ .....। ' ਜਾਗੀਰੇ ਦਾ ਸੁਝਾਅ ਸੁਣ ਕੇ ਲੰਬੜ ਥੋੜ੍ਹਾ ਝੇਂਪ ਜਿਹਾ ਗਿਆ । ਉਬਾਲੇ ਮਾਰਦੀ ਤਲਖੀ ਕਾਫੀ ਸਾਰੀ ਮੱਠੀ ਪੈ ਗਈ ।ਭਰਵਾਂ ਜਿਹਾ ਹਉਕਾ ਭਰ ਕੇ ਉਹ ਥੋੜ੍ਹਾ ਕੁ ਚਿਰ ਅਵਾਕ ਹੋਇਆ ਬੈਠਾ ਰਿਹਾ । ਘੜੀ ਦੋ ਘੜੀਆਂ ਪਿੱਛੋਂ ਉਹ ਜਿਵੇਂ ਡੂੰਘੇ ਖੂਹ 'ਚੋਂ ਬੋਲਿਆ ਹੋਵੇ - ' ਜਾਗੀਰ ਸਿਓਂ ਜੀਈ , ਤੁਆਨੂੰ ਪਤਆ ਏਸ ਮੰਦਰ ਨਾਲ ਸਾਡੇ ਘਰ ਦੀ ਕਿੰਨੀ ਆਸਥਾ ਜੁੜੀਊ ਆ । ਆਹ ਜੇੜਾ ਪਿੱਪਲ ਆ ਨਾ ਵਿਹੜੇ 'ਚ ,ਏਹ ਐਵੇਂ ਪੁੰਗਾਰ ਜੇਈ ਸੀ ਗਜ਼ ਕੁ ਭਰ ਦੀ । ਨਿੱਕਾ ਜਿਆ ਹੁੰਦਾ ਸੀ ਮੈਂ ਉਦੋਂ । ਇਕ ਦਿਨ ਕੀ ਹੋਇਆ , ਬਾਹਰਲੇ ਚੁਰਾਹੇ 'ਚ ਕਿਸੇਨੇ ਟੂਣਾ ਕਰ ਦਿੱਤਾ । ਗਾਨੀ ਬੱਧਾ ਕੁੱਜਾ ਰਾਹ 'ਚ ਰੱਖ ਕੇ ਕਿੰਨੀ ਸਾਰੀ ਤਿੰਨ-ਚੌਲੀ ਸਮੇਤ ਕਈ ਕੁਝ ਖਿਲਾਰ ਦਿੱਤਾ ਆਲੇ-ਦੁਆਲੇ । ਤੜਕੇ ਮੂੰਹ-ਹਨੇਰੇ ਬਾਹਰ-ਅੰਦਰ ਨਿਕਲੀ ਮਾਂ ਮੇਰੀ ਦਾ ਇਕ ਪੈਰ ਸਹਿਬਨ ਕੁੱਜੇ 'ਚ ਵੱਜ ਗਿਆ ।ਇਸ ਅੰਦਰਲਾ ਸਾਰਾ ਕੁਸ਼ ਬਾਹਰ । ਉਹ ਡਰੀ-ਡੋਲੀ ਨਾ । ਏਸ ਗੱਲੋਂ ਦਲੇਰ ਸੀ ਉਹ । ਉਹਨੇ ਸਾਰਾ ਨਿੱਕ -ਸੁੱਕ ਕੱਠਾ-ਵੱਠਾ ਕੀਤਾ , ਮੁੱਢ ਲਾਗੇ ਰੱਖ ਕੇ ਕੁੱਜੇ ਵਾਲੇ ਗਾਨੀ ਪਿੱਪਲ ਨੂੰ ਬੰਨ੍ਹ ਆਈ । ਵੀਰਵਾਰ ਦਾ ਦਿਨ ਸੀ ਓਦਣ । ਓਦਰ ਵੰਨੀ ਗਈਆਂ ਕਈ ਜਣੀਆਂ ਹੋਰ ਵੀ ਉਦ੍ਹੇ ਆਂਗੂ ਮੱਥਾ ਟੇਕ ਆਈਆਂ । ਉਸ ਦਿਨ ਪਿੱਛੋਂ ਪਿੱਪਲ ਦੀ ਜਾਣੋਂ ਮਾਨਤਾ ਹੋਣ ਲੱਗ ਪਈ । ਵੀਰਵਾਰ ਦੇ ਵੀਰਵਾਰ ਦੀਵਾ-ਬੱਤੀ,ਥੋੜ੍ਹਾ ਬਹੁਤ ਚੜ੍ਹਤ-ਚੜ੍ਹਾਵਾ । ਅੱਜ ਹੋਰ, ਕੱਲ੍ਹ ਹੋਰ । ਪਿੱਪਲ ਵੱਡਾ ਹੁੰਦਾ ਗਿਆ । ਆਸ-ਪਾਸ ਦੀ ਕਿੰਨੀ ਸਾਰੀ ਥਾਂ ਵਗਲ ਹੁੰਦੀ ਗਈ ।ਹੋਰ ਸਮਾਂ ਲੰਘੇ ਤੇ ਮਮਟੀ ਬਣ ਗਈ । ਅੰਦਰ ਕ੍ਰਿਸ਼ਨ ਭਗਵਾਨ ਦੀ ਮੂਰਤੀ ਲਿਆ ਟਿਕਾਈ ਬਾਪੂ ਸਾਡੇ ਨੇ ।ਆਉਂਦੇ ਸਾਲ ਹਰਦੁਆਰ ਗਿਆ , ਉਹ, ਮੁੰਡੂ ਜਿਹੇ ਬਾਵਾ ਰਾਮ ਨੂੰ ਲੈ ਆਇਆ , ਕਿਸੇ ਪੰਡਿਤ ਪ੍ਰੋਹਤ ਤੋਂ ਮੰਗ ਕੇ । ਅੱਜ ਜਿਹੜੀ ਅਲੀਸ਼ਾਨ ਉਸਾਰੀ ਹੋਈ ਲੱਭਦੀ ਐ ਨਾ, ਸਾਰੀ ਉਸੇ ਦੀ ਹਿੰਮਤ ਆ 'ਕੱਲੇ ਬਾਵਾ ਰਾਮ ਦੀ । ਅਸੀਂ ਤਾਂ ਜਿੱਦਾਂ ਉਹ ਕਹਿੰਦਾ ਗਿਆ ਕਰਦੇ ਗਏ ।'

ਏਨੀ ਕੁ ਵਾਰਤਾ ਤਾਂ ਲੰਬੜ ਕਈਆਂ ਨੂੰ ਸੁਣਾ ਚੁੱਕਾ ਸੀ ਪਹਿਲੋਂ ਵੀ, ਪਰ ਇਸ ਵਾਰ ਜਾਗੀਰੇ ਲਾਗੇ ਬੈਠੇ ਤੋਂ ਉਸ ਤੋਂ ਆਪਣਾ ਆਪ ਜਿਵੇਂ ਸੰਭਾਲਿਆ ਨਾ ਗਿਆ । ਇਕ ਚੰਗੀ ਭਰਵੀਂ ਲਪੇਟਵੀਂ ਜਿਹੀ ਲਪੇਟਵੀਂ ਜਿਹੀ ਗਾਲ੍ਹ ਹੁਕਮੇ ਨੂੰ ਕੱਢਦਿਆਂ ਉਸ ਨੇ ਉੱਚੀ ਸਾਰੀ ਆਖਿਆ - ਅੱਜ ਭੈਣ.... ਆਹ ਹੁਕਮਾਂ ਈ ਨਈਂ ਮਾਣ । ਕੱਲ੍ਹ ਤਾਈਂ ਤਾਂ ਕਦੇ ਰੜਕਿਆ ਨਈਂ ਸੀ । ਨਾ ਈ ਏਦ੍ਹਾ ਪੇਏ , ਨਾ ਕੋਈ ਹੋਰ ਜੀਅ । ਅੱਜ ਖਾਹ ?-ਮਖਾਹ ਦੀਆਂ ਲੱਤਾਂ ਡਾਹੁਣ ਢਿਆ ਆ । ਕੋਈ ਪੁੱਛਣ ਆਲਾ ਹੋਵੇ , ਪਈ ਤੂੰ ਛਿੱਕੂ ਲੈਣਾ । ਦੀਵਾ-ਬੱਤੀ ਈ ਕਰਨਾ ਸਵੇਰੇ-ਸ਼ਾਮ । ਹੋਰ ਕੇੜ੍ਹਾ ਸੀੜ ਪੁੱਟਣੀ ਆ । ਅਖੇ ਵਿਦਵਾਨ ਚਾਹੀਦਾ , ਆਰਤੀ ਉਤਾਰਨ ਨੂੰ । ਬਾਵਾ ਰਾਮ ਦੇ ਮੁੰਡੇ ਦੀ ਥਾਂ ਮੰਦਰ 'ਚ । '

' ਕੋਈ ਨਾ , ਕੋਈ ਨੰਬੜਦਾਰਾ ਖ਼ਫਾ ਨਾ ਹੋ, ਆਪਾਂ ਰਲ-ਮਿਲ ਕੇ ਕਰਦੇ ਆਂ ਵਿਚਾਰਾਂ । ਲੱਭ ਲੈਨੇ ਆਂ ਕੋਈ ਨਾ ਕੋਈ ਹੱਲ ' , ਤਰਲੋਮੱਛੀ ਹੋਏ ਲੰਬੜ ਨੂੰ ਸ਼ਾਂਤ ਕਰਦੇ ਜਾਗੀਰ ਨੂੰ ਕਰਮੇ ਪਾੜ੍ਹੇ ਦੀ ਸਮਝਾਉਣੀ ਹੋਰ ਵੀ ਮੁੱਲਵਾਨ ਲੱਗੀ -' ਪਾਸਾ ਚੜ੍ਹਦਾ ਹੋਵੇ ਜਾਂ ਲਹਿੰਦਾ , ਹੈ ਤਾਂ ਪਿੰਡ ਆਪਣੇ ਦਾ ਈ ਆ ਨਾ , ਈਸਾ-ਪੁਰ ਦਾ ।' ਜਾਗੀਰੇ ਨੂੰ ਸਾਫ ਸਪੱਸ਼ਟ ਜਾਪ ਰਿਹਾ ਸੀ - ' ਦੋਨੋਂ ਬਰਾ-ਬਰੋਬਰ ਦੇ ਪੰਚਾਇਤ ਮੈਂਬਰ ਆਪੋ-ਵਿਚ ਦੀ ਫੈਸਲਾ ਨਹੀਂ ਕਰ ਸਕਦੇ । ਸਰਪੰਚ ਹੋਣ ਨਾਤੇ ਉਸਨੂੰ ਦਖ਼ਲ-ਅੰਦਾਜ਼ ਹੋਣਾ ਈ ਪੈਣਾ ।'

ਚਾਨਚੱਕ ਆ ਪਿਆ ਟਕਰਾਅ-ਮਸਲਾ ਨਜਿੱਠਣ ਲਈ ਅਜੇ ਉਹ ਆਮ-ਇਜਲਾਸ ਸੱਦਣ ਬਾਰੇ ਸੋਚ ਹੀ ਰਿਹਾ ਸੀ ਕਿ ਤੀਜੇ ਕੁ ਦਿਨ ਉਸਦੇ ਤੱਕ ਇਕ ਨਵੀਂ ਨਿਵੇਕਲੀ ਖ਼ਬਰ ਆ ਪੁੱਜੀ । ਛਿੱਬੂ ਚੌਂਕੀਦਾਰ ਨੇ ਇਕ ਸ਼ਾਮੀਂ ਆ ਦੱਸਿਆ - ' ਉਸ ਦਿਨ ਦੁਪਹਿਰ ਕੁ ਵੇਲੇ ਇਕ ਲੰਮੀ ਸਾਰੀ ਗੱਡੀ 'ਚ ਕਿੰਨੇ ਸਾਰੇ ਬੰਦੇ ਹੁਕਮੇ ਕੋਲ ਆਏ ਸਨ । ਖੁੱਲ੍ਹੇ-ਖੁੱਲ੍ਹੇ ਚੋਗੇ ਪਾਇਓ ਸੀ ਉਹਨਾਂ , ਗੂੜ੍ਹੇ ਰੰਗ ਦੇ । ਵਾਲ ਸਭ ਦੇ ਖੁੱਲ੍ਹੇ ਪਿਛਾਂਹ ਵੱਲ ਨੂੰ ਲਮਕਣ । ਦੇਖਣ-ਚਾਖਣ ਨੂੰ ਤਪੀ-ਤਪੀਸਰ ਲਗਦੇ ਸੀ ਸਾਰੇ । ਪੂਰੇ ਪਹੁੰਚਿਓ ਮਹਾਂ ਪੁਰਖ । ਦੁਪੈਰਾ ਕੱਟ ਕੇ ਬਾਕੀ ਤਾਂ ਮੁੜ ਗਏ ਵਾਪਸ , ਉਸੇ ਗੱਡੀ 'ਚ , ਦੋ ਜਣੇ ਹਜੇ ਵੀ ਹੁਕਮ ਚੰਦ ਹੋਣਾਂ ਕੋਲ ਰੁਕਿਓ ਆ । ਅੱਗੇ ਤਾਂ ਕਦੀ ਦੇਖੇ ਨਈਂ ਏਹ !

ਸ਼ਿਬੂ ਦੀ ਤਫ਼ਸੀਲ ਨੇ ਜਗੀਰੇ ਨੂੰ ਹੋਰ ਵੀ ਫਿਕਰਮੰਦ ਕਰ ਦਿੱਤਾ । ਘੜੀ-ਪਲ ਲਈ ਉਸਨੂੰ ਆਪਣਾ-ਆਪ ਲਾਚਾਰ ਹੋਇਆ ਜਾਪਿਆ । ਝੱਟ ਹੀ ਉਸਨੇ ਆਪਣੇ ਇਕੋ-ਇਕ ਸੰਗੀ-ਸਹਿਯੋਗੀ ਦੀ ਜਿਵੇਂ ਬਾਂਹ ਜਾ ਫੜੀ । ਕਰਮੇ ਨਾਲ ਹੋਈ ਕੀਤੀ ਬਾਤ-ਚੀਤ ਉਸਨੂੰ ਮੁੜ ਤੋਂ ਢਾਰਸ ਦੇਣ ਲੱਗ ਪਈ । ਕਰਮੇ ਨੂੰ ਵੀ ਓਪਰੇ ਬੰਦਿਆਂ ਦੀ ਤਟਫਟ ਹੋਈ ਆਮਦ ਨੇ ਬੇ-ਚੈਨ ਕਰ ਦਿੱਤਾ ਸੀ । ਉਹ ਤਾਂ ਪਹਿਲੋਂ ਹੀ ਇਹੋ-ਜਿਹਾਂ ਦਾ ਜਬਰ ਝਲਦਾ ਪੁੱਜਾ ਪਿਆ ਸੀ ਪਿੰਡ , ਤਿੰਨ ਮਹੀਨੇ ਲਈ । ਯੂਨੀਵਰਸਿਟੀਓਂ ਸਸਪੈਂਡ ਹੋ ਕੇ ।ਉਸ ਦਾ ਰੋਸ ਤਾਂ ਫੀਸ ਵਾਧੇ ਕਾਰਨ ਹੀ ਵਧਿਆ । ਪਾੜ੍ਹਿਆਂ ਦੀ ਮੰਗ ਸੀ ਫੀਸ ਵਾਧਾ ਵਾਪਸ ਲਿਆ ਜਾਵੇ । ਮੁਲਕ ਭਰ ਦੇ ਗਰੀਬ-ਗੁਰਬਿਆਂ ਦੇ ਹਾਣ ਦੀ ਗਿਣ ਹੁੰਦੀ ਯੂਨੀਵਰਸਿਟੀ ਉਹਨਾਂ ਤੋਂ ਨਾ ਖੋਹੀ ਜਾਏ । ਪਰ ਯੂਨੀਵਰਸਿਟੀ ਪ੍ਰਬੰਧ ਉਹਨਾਂ ਦੀ ਕੋਈ ਦਲੀਲ ਸੁਣਨ ਨੂੰ ਤਿਆਰ ਨਹੀਂ ਸੀ ਹੋਇਆ । ਉਲਟਾ ਡਰ-ਡਰਾਵੇ ਦਿੰਦਾ, ਉਹਨਾਂ ਦੀ ਮਾਰ-ਕੁੱਟ ਕਰਨ ਤੱਕ ਦੀਆਂ ਕਾਰਵਾਈਆਂ ਕਰਦਾ ਰਿਹਾ ।

-ਮੋਬਾ: +91-94655-74866

# ਮਲਵਿੰਦਰ ਦੀ ਕਲਮ ਤੋਂ...



## ਅਭਾਗੇ

ਉਦਾਸ ਪਲਾਂ 'ਚ ਹੱਸ ਪੈਂਦੇ ਹਾਂ
ਪੀੜਤ ਲਮਹਿਆਂ 'ਚ ਮੁਸਕਰਾ
ਛੱਡਦੇ ਹਾਂ

ਦਰਦ ਛੁਪਾਉਣ 'ਚ ਮਾਹਰ ਹਾਂ
ਹਰਦੇ ਨਹੀਂ
ਚਣੌਤੀਆਂ ਸੰਗ ਲੜ੍ਹਦੇ ਹਾਂ
ਮੋਰਚਿਆਂ 'ਤੇ ਡਟਦੇ ਹਾਂ

ਇਸੇ ਲਈ
ਵਿਪਰੀਤ ਪ੍ਰਸਥਿਤੀਆਂ 'ਚ
ਪਿਆਰ ਕਵਿਤਾਵਾਂ ਵੀ ਲਿਖਦੇ ਹਾਂ

## ਚੇਤੇ

ਮੈਨੂੰ ਯਾਦ ਨੇ ਅੱਜ ਵੀ
ਪਲ ਉਹ ਸਾਰੇ
ਜੋ ਆਪਣੇ ਸਾਂਝੇ ਸਨ

ਤੇ ਉਹ ਸਾਰੀਆਂ ਯਾਦਾਂ
ਕਵਿਤਾਵਾਂ ਸਾਰੀਆਂ
ਜੋ ਆਪਾਂ ਰਲਕੇ ਸਿਰਜੀਆਂ

ਹਰ ਯਾਦ 'ਚ
ਹੋਠਾਂ ਦੇ ਸ਼ਪਰਸ਼ ਵਰਗਾ
ਕੂਲਾ ਅਹਿਸਾਸ ਭਰਿਆ ਰਹਿੰਦਾ

## ਅੱਥਰੀ ਚਾਹਤ

ਮੈਂ ਤੇਰੇ ਭਾਵਾਂ ਦੀ ਤਰਜਮਾਨੀ ਕਰਦੀ
ਕਵਿਤਾ ਹੋਣਾ ਚਾਹੁੰਦਾ ਹਾਂ

ਮੈਂ ਚਾਹੁੰਦਾ ਹਾਂ ਜ਼ਿੰਦਗੀ
ਲੋਕ-ਕਹਾਣੀਆਂ 'ਚੋਂ ਤਲਾਸ਼ਣੀ

ਮੈਂ ਚਾਹੁੰਦਾ ਹਾਂ ਆਪਣੀ ਗੱਲ
ਬਾਤ ਵਾਂਗ ਸੁਣੀ, ਸੁਣਾਈ ਜਾਵੇ

ਮੈਂ ਚਾਹੁੰਦਾ ਹਾਂ
ਆਪਾਂ ਹੋਈਏ ਉਸ ਸਭ-ਕੁਝ 'ਚ
ਜਿੱਥੇ ਹੋਣ 'ਚ ਮੈਨੂੰ ਸੁਖ
ਤੇ ਤੈਨੂੰ ਖ਼ੁਸ਼ੀ ਮਿਲੇ
---0---

## ਕਵਿਤਾ ਬਗੈਰ

ਕਵਿਤਾ ਤੋਂ ਸੱਖਣਾ
ਮੈਂ ਉਸ ਲਾਇਬ੍ਰੇਰੀ ਵਰਗਾ ਹਾਂ
ਜਿਸ ਦੀਆਂ ਸੈਲਫ਼ਾਂ 'ਤੇ ਕੋਈ ਕਿਤਾਬ ਨਹੀਂ

ਮੇਰੇ ਅੰਦਰ ਖ਼ਲਾਅ ਭਰ ਗਿਆ ਹੈ
ਤੇ ਰੂਹ ਸੱਖਣੀ ਹੋ ਗਈ ਹੈ

ਕਿਤਾਬਾਂ ਉਡੀਕਦੀ ਲਾਇਬ੍ਰੇਰੀ
ਕਿੰਨੀ ਸ਼ਾਨਦਾਰ ਕਵਿਤਾ ਹੈ

## ਵਾਈ-ਫਾਈ

ਘਰ 'ਚੋਂ ਲਾਪਤਾ ਹੋ ਗਏ
ਰਿਸ਼ਤਿਆਂ ਨੂੰ ਲੱਭਣ ਦੀ ਥਾਂ
ਤੂੰ ਵਾਈ-ਫਾਈ ਲੱਭ ਰਹੀ ਏਂ

ਰਿਸ਼ਤਿਆਂ ਨੂੰ ਸਲਾਮਤ ਰੱਖਣ ਲਈ
ਨੈੱਟ ਦੀ ਨਹੀਂ ਪਿਆਰੀ
ਪਿਆਰ ਦੀ ਲੋੜ ਹੁੰਦੀ
ਨਿੱਘ ਨਾਲ ਭਰੇ ਪਿਆਰ ਦੀ
---0---

## ਹੱਥ

ਤੇਰਾ ਜਿਹੜਾ ਹੱਥ
ਮੇਰੇ ਹੱਥ ਵਿੱਚ ਹੋਣਾ ਚਾਹੀਦਾ ਸੀ
ਉਹ ਹੱਥ ਤੂੰ ਆਪਣੇ
ਮਹਿੰਗੇ ਮੋਬਾਇਲ-ਸੈੱਟ ਨੂੰ
ਫੜਾ ਦਿੱਤਾ ਹੈ

ਰਿਸ਼ਤੇ ਤਾਂ
ਛੋਹ ਦੇ ਮੁਥਾਜ ਹੁੰਦੇ
---0---

## ਭੀੜ

ਤੁਹਾਡੇ ਜਾਣ ਤੋਂ ਬਾਅਦ
ਭੀੜ ਦੇ ਖਿੰਡ ਜਾਣ ਦਾ ਅਹਿਸਾਸ
ਤੇ ਪਰਤ ਆਈ ਹੈ ਮੇਰੀ ਇਕੱਲਤਾ

ਚੁੱਪ ਦੀ ਗੋਦ 'ਚ ਬੈਠਾ
ਭਰਪੂਰਤਾ ਨਾਲ ਭਰ ਗਿਆ ਹਾਂ
ਕਵਿਤਾਵਾਂ 'ਚ ਘਿਰ ਗਿਆ ਹਾਂ

---0---

## ਸ਼ੈਅ

ਤੂੰ ਮਾਸੂਮ ਲਮਹਿਆਂ ਦੀ ਰੌਣਕ
ਸੂਖ਼ਮ ਤੇ ਪਵਿੱਤਰ

ਤੇਰੇ 'ਚ ਰੁਕਣ ਦਾ ਸਬਰ ਤੇ
ਸੁਣਨ ਦਾ ਤਹੱਮਲ

ਤੇਰੀ ਇੱਕ ਝਾਤ ਨਾਲ
ਨਫ਼ਰਤਾਂ ਦੇ ਕੋਹ ਮਿਟ ਜਾਂਦੇ
ਇੱਕ ਮੁਸਕਰਾਹਟ ਨਾਲ
ਸ਼ਾਂਤ ਹੋ ਜਾਂਦੇ ਜਵਾਲਾਮੁੱਖੀ

ਤੂੰ ਭੁੱਲਣ ਵਾਲੀ ਸ਼ੈਅ ਨਹੀਂ
ਸਾਂਭਣ ਵਾਲਾ ਸਰਮਾਇਆ ਹੈਂ

---0---

## ਕਦਰਦਾਨ

ਤੇਰੇ ਤੋਂ ਕੁਰਬਾਨ ਕਰ ਦਿੱਤੇ
ਸਾਰੇ ਮਹਿੰਗੇ ਪਲ਼
ਮੇਰੀ ਕਵਿਤਾ 'ਚ ਸੁਰੱਖਿਅਤ ਹਨ

ਤੇਰੀ ਯਾਦ
ਮੇਰੇ ਜਿਸਮ ਦੇ ਪੀੜਤ ਢਾਂਚੇ 'ਚ
ਚਿਰਾਗ ਵਾਂਗ ਬਲ ਰਹੀ ਹੈ

ਤੇਰਾ ਪਿਆਰ ਅਦੁੱਤੀ ਹੈ
ਕਿਸੇ ਕਦਰਦਾਨ ਦੀ ਤਲਾਸ਼ ਕਰ
---0---

## ਪਿਆਰ

ਪਿਆਰ ਕਰਦਿਆਂ
ਜਦ ਡਰ ਤੇ ਅਪਰਾਧ-ਬੋਧ
ਅੰਗ-ਸੰਗ ਹੋਵਣ
ਛੱਡ ਦੇਣਾ ਚਾਹੀਦਾ ਪਿਆਰ ਕਰਨਾ

ਤੁਹਾਡੇ ਅੰਦਰਲੇ ਹਨੇਰਿਆਂ ਨੂੰ
ਰੋਸ਼ਨ ਕਰਨ ਦਾ ਨਾਂ ਹੈ ਪਿਆਰ

ਧਰਤੀ 'ਤੇ ਉੱਸਰੇ ਨਰਕਾਂ 'ਚ
ਸਵਰਗ ਦੀ ਤਲਾਸ਼ ਹੈ ਪਿਆਰ
---0---

## ਘਰ

ਸੋਹਣਾ ਏ ਤੇਰਾ ਘਰ
ਕੁਦਰਤ ਦੇ ਸ਼ਾਤ ਕੋਨੇ 'ਚ
ਰੌਲਿਆਂ ਤੋਂ ਦੂਰ

ਸੋਹਣਾ ਏਂ
ਸ਼ਾਤੀ ਏ
ਚੁੱਪ ਏ

ਪਰ ਚੁੱਪ ਵਿਚਲਾ ਸ਼ੋਰ
ਗ਼ਾਇਬ ਹੈ
ਗੁੰਗੀ ਹੈ ਚੁੱਪ
ਮੈਂ ਗੱਲਾਂ ਕਿਸ ਨਾਲ ਕਰਾਂ

-ਮੋਬਾ: 9779591344

# ਸਿਰਜਣਾ ਦੇ ਰੰਗ

-ਪਰਮਜੀਤ ਕੌਰ ਸਰਹਿੰਦ

ਦਿਲ ਦੀਆਂ ਦਿਲ ਵਿੱਚ ਰਹਿ ਗਈਆਂ, ਰਹਿੰਦਿਆਂ-ਰਹਿੰਦਿਆਂ।
ਭਰ-ਭਰ ਅੱਖੀਆਂ ਡੁੱਲ੍ਹ ਜਾਣ, ਕੁਝ ਕਹਿੰਦਿਆਂ-ਕਹਿੰਦਿਆਂ।

ਪਲ-ਘੜੀਆਂ, ਦਿਨ-ਸਾਲ ਮਹੀਨੇ, ਹੀ ਗੁਜ਼ਰੇ ਨੇ ਭਾਵੇਂ,
ਇਉਂ ਲੱਗਦੈ ਯੁੱਗ ਬੀਤ ਗਏ, ਗ਼ਮ ਸਹਿੰਦਿਆਂ-ਸਹਿੰਦਿਆਂ।

ਛਾਲਾ-ਛਾਲਾ ਪੈਰ ਹੋਏ, ਤੁਰਦੇ ਰਹਿਣਾ ਬਿਰਦ ਅਸਾਡਾ,
ਦੁੱਖ ਦੇ ਬੱਜਰ ਪੱਥਰਾਂ ਦੇ ਸੰਗ, ਖਹਿੰਦਿਆਂ-ਖਹਿੰਦਿਆਂ।

ਜਦ ਢਾਰਿਆਂ ਦਾ ਰੋਹ, ਝੱਖੜ-ਹਨ੍ਹੇਰੀ ਬਣ ਕੇ ਝੂਲਦੈ,
ਉੱਚੇ ਮੁਨਾਰੇ ਢਹਿ ਜਾਂਦੇ ਫਿਰ, ਢਹਿੰਦਿਆਂ-ਢਹਿੰਦਿਆਂ।

ਕਿਰਤੀ ਯੋਧਿਆਂ ਕਰਕੇ ਹਿੰਮਤ, ਉਠ ਤੁਰ ਪੈ ਮੰਜ਼ਿਲ ਵੱਲ,
ਬੈਠਾ ਨਾ ਰਹਿ ਜਾਈਂ ਕਿਤੇ ਇੰਜ, ਬਹਿੰਦਿਆਂ-ਬਹਿੰਦਿਆਂ।

ਤੇਰੀ ਕੁੱਲੀ ਫੂਕਣ ਵਾਲਾ, ਕਿੰਜ ਸੇਕ ਤੋਂ ਬਚ ਬੈਠੂ,
ਇਸੇ ਅੱਗ ਵਿੱਚ ਡਹਿ ਜਾਣੈ, ਮਹਿਲਾਂ ਡਹਿੰਦਿਆਂ-ਡਹਿੰਦਿਆਂ।

ਲਹਿਰਾਉਂਦੇ ਨੇ ਜਿਹੜੇ ਕਾਲੇ ਝੰਡੇ ਸਾਡੇ ਸਿਰ 'ਤੇ ਟੰਗੇ,
ਲਹਿ ਜਾਣੇ ਉਹ ਵੀ ਇੱਕ ਦਿਨ ਆਖ਼ਰ, ਲਹਿੰਦਿਆਂ-ਲਹਿੰਦਿਆਂ।

-ਮੋਬਾ: 98728 98599

## ਚਾਨਣ

ਗੁਰਦਰਸ਼ਨ ਸਿੰਘ ਮਾਵੀ

ਸੌਣ ਤੋਂ ਪਹਿਲਾਂ, ਪਰਦਾ ਹਟਾ ਦਿੰਦਾ ਹਾਂ
ਖਿੜਕੀ ਵਿਚੋਂ ਚਾਨਣ ਆਵੇ,
ਥੋੜ੍ਹਾ ਕੁ ਰਾਹ ਬਣਾ ਦਿੰਦਾ ਹਾਂ
ਘੁੱਪ ਹਨੇਰੇ ਤੋਂ ਡਰ ਲੱਗਦਾ,
ਚਾਨਣ ਦਾ ਪਹਿਰਾ, ਲਾ ਦਿੰਦਾ ਹਾਂ
ਚਾਨਣ ਮੇਰੇ ਅੰਗ-ਸੰਗ ਬੈਠਾ
ਦਿਲ ਨੂੰ ਰੋਜ਼ ਸਮਝਾ ਲੈਂਦਾ ਹਾਂ
ਹੁਣ ਬੇਫਿਕਰੀ ਵਿਚ ਮੈਂ ਸੋਚਾਂ
ਸੁਪਨੇ ਹਸੀਨ ਬੁਲਾ ਲੈਂਦਾ ਹਾਂ
ਚਾਨਣ ਦੇ ਨਾਲ ਦੁਨੀਆਂ ਸੋਹਣੀ
ਚਾਨਣ ਤੋਂ ਗਿਆਨ ਪਾ ਲੈਂਦਾ ਹਾਂ
ਹਨੇਰਾ ਹਮੇਸ਼ਾ ਧੋਖਾ ਕਰਦਾ
ਚਾਨਣ ਨੂੰ ਦਿਲ ਵਸਾ ਲੈਂਦਾ ਹਾਂ
'ਮਾਵੀ' ਨੂੰ ਚਾਨਣ ਚੰਗਾ ਲੱਗੇ,
ਉਸ ਨਾਲ ਜੀਵਨ ਲੰਘਾ ਲੈਂਦਾ ਹਾਂ

-ਮੋਬਾ: 98140 51298

---0---

## ਗੱਲਾਂ ਦਿਲ ਦੀਆਂ.....

ਮਨਜੀਤ ਕੌਰ

ਮੂੰਹ ਤੋਂ ਪੁੱਛਦਾਂ ਫਿਰੇਂ ਫ਼ਰਮਾਇਸ਼ਾਂ,
ਗੱਲਾਂ ਦਿਲ ਦੀਆਂ ਬੁੱਝੇ ਤਾਂ ਜਾਣਾ।
ਐਵੇਂ ਆਖ ਨਾਂ ਕਿ ਜਾਣਦਾ ਏ ਮੈਨੂੰ,
ਭੇਤ ਜਾਣੇ ਜੇ ਗੁੱਝੇ ਤਾਂ ਜਾਣਾ।
ਮੂੰਹ ਤੋਂ ਪੁੱਛਦਾਂ.....
ਮੈਂ ਤੇਰਾ ਤੂੰ ਮੇਰੀ ਹੋ ਜਾ,
ਗੱਲਾਂ ਬਹੁਤ ਪੁਰਾਣੀਆਂ ਨੇ।
ਸਦਾ ਨਿੱਭਣ ਲਈ ਸੱਜਣਾਂ,
ਪੈਂਦੀਆਂ ਪੀੜਾਂ ਹੰਢਾਉਣੀਆਂ ਨੇ।
ਕਹਿਨਾਂ ਪੰਜ ਪੱਤਣਾਂ ਦਾ ਤਾਰੂ ਆਂ,
ਸਮੁੰਦਰ ਬੰਦ ਕਰੇ ਵਿੱਚ ਕੁੱਜੇ ਤਾਂ ਜਾਣਾ।
ਮੂੰਹ ਤੋਂ ਪੁੱਛਦਾਂ......
ਦਿਲ ਨੂੰ ਦਿਲ ਦੀ ਰਾਹ ਹੁੰਦੀ ਏ,
ਹੁਣ ਇਹ ਝੂਠ ਜਿਹਾ ਲੱਗੇ।
ਪਿਆਰ ਤੇਰਾ ਵੀ ਮੈਨੂੰ ਸੱਜਣਾਂ,
ਕਿਸੇ ਦੀ ਜੂਠ ਜਿਹਾ ਲੱਗੇ।
ਦੋ-ਚਾਰ ਦਿਨ ਹੁੰਦੇ ਆਸ਼ਕੀ ਦੇ,
ਜ਼ਿੰਦਗੀ ਭਰ ਪਿਆਰ 'ਚ ਰੁੱਝੇ ਤਾਂ ਜਾਣਾ।
ਮੂੰਹ ਤੋਂ ਪੁੱਛਦਾਂ.......
ਮੈਂ ਤੇਰੇ ਤੋਂ ਵਾਰਿਆਂ ਜਾਨ ਕਰਾਂ,
ਤੇ ਤੂੰ ਮੇਰੇ ਨਾਲ਼ ਲੜਦਾ ਰਹੇ।
ਮੈਂ ਮੰਨਾਂ ਤੇਰੀਆਂ ਸੱਭੇ ਸਦਾ,
ਤੇ ਤੂੰ ਮਨਆਈਆਂ ਕਰਦਾ ਰਹੇ।
ਮੈਂ ਤਾਂ ਕੱਲਿਆ ਨਹੀਂ ਰੜਣਾ,
'ਮਨਜੀਤ' ਬਰਾਬਰ ਭੁੱਜੇ ਤਾਂ ਜਾਣਾ।
ਮੂੰਹ ਤੋਂ ਪੁੱਛਦਾਂ ਫਿਰੇਂ ਫ਼ਰਮਾਇਸ਼ਾਂ,
ਗੱਲਾਂ ਦਿਲ ਦੀਆਂ ਬੁੱਝੇ ਤਾਂ ਜਾਣਾ।
ਐਵੇਂ ਆਖ ਨਾਂ ਕਿ ਜਾਣਦਾ ਏ ਮੈਨੂੰ,
ਭੇਤ ਜਾਣੇ ਜੇ ਗੁੱਝੇ ਤਾਂ ਜਾਣਾ।

-ਸੰ:9464633059.

---0---

## ਕਾਮਿਆਂ ਦੀ ਪ੍ਰਭਾਤ

ਗੁਲਾਫਸਾ ਬੇਗਮ

ਕਦੋਂ ਮੁੱਕਣਾ ਏ ਜਿੰਦ ਨਾਲੋਂ ਪੀੜ ਦਾ ਯਰਾਨਾ ?
ਸਾਡੀ ਜ਼ਿੰਦਗੀ 'ਚੋਂ ਦੁੱਖ ਕਦੋਂ ਹੋਣਗੇ ਰਵਾਨਾ ?
ਕਦੋਂ ਸ਼ਮਾਂ ਨੂੰ ਹੋਊਗਾ ਪਰਵਾਨ ਪਰਵਾਨਾ ?
ਸਾਡੇ ਖ਼ੂਨ ਤੇ ਪਸੀਨਿਆਂ ਦਾ ਮੁੱਲ ਕੌਣ ਪਾਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?

ਸਾਡੇ ਕੱਚੀਆਂ ਕੰਧਾਂ 'ਤੇ ਕਦੋਂ ਪੈਣਗੇ ਚੁਬਾਰੇ,
ਸਾਨੂੰ ਕਰਦੇ ਮਖੌਲਾਂ ਬੈਠੇ ਅੰਬਰਾਂ 'ਤੇ ਤਾਰੇ,
ਭੁੱਖੇ ਢਿੱਡ ਤਾਈਂ ਅਸੀਂ ਗੰਢਾਂ ਮਾਰ-ਮਾਰ ਹਾਰੇ,
ਕਦੋਂ ਵਿਹੜੇ ਸਾਡੇ ਖੁੱਲ੍ਹਾ ਕੋਈ ਅੰਨ ਵਰਤਾਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?

ਸਾਡੇ ਸਿਰ ਉੱਤੇ ਛਾਇਆ ਰਹਿੰਦਾ ਸਦਾ ਹੀ ਹਨੇਰਾ,
ਹਾਲੇ ਸੁੰਞੀਆਂ ਨੇ ਸ਼ਾਮਾਂ ਅਤੇ ਸੁੰਞਾਂ ਹੈ ਸਵੇਰਾ,
ਸਾਡਾ ਚੰਮ ਪਿੰਜ-ਪਿੰਜ ਰਾਠ ਵੇਖਦੇ ਨੇ ਜ਼ੇਰਾ,
ਕਦੋਂ ਤੱਕ ਕੋਈ ਗ਼ਰੀਬੀ-ਰੱਤ ਆਪਣੀ ਪਿਆਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?

ਸਾਡੇ ਨੱਕ ਵਿਚ ਪਾਈ ਜੋ ਗ਼ਰੀਬੀ ਦੀ ਨਕੇਲ ,
ਵਧੀ ਯੁੱਗਾਂ ਤੋਂ ਹੀ ਜਾਵੇ ਜਿਵੇਂ ਅਮਰ ਦੀ ਵੇਲ,
ਅਟੱਲ ਹੈ ਸਚਾਈ ਕਹਿੰਦੇ ਕਰਮਾਂ ਦੇ ਖੇਲ੍ਹ,
ਕੌਣ ਕਰਮਾਂ ਦੇ ਚੰਦਰੇ ਏ ਲੇਖ ਜੋ ਮਿਟਾਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?

ਲੋਕੀ ਨਿੱਤ ਨੇ ਵਹਾਉਂਦੇ ਇੱਥੇ ਖ਼ੂਨ ਤੇ ਪਸੀਨੇ ,
ਜਦ ਮਿਲਦੇ ਨੀਂ ਹੱਕ ਅੱਗ ਬਲਦੀ ਹੈ ਸੀਨੇ,
ਕਦਮ ਯੁੱਗ-ਪਲਟਾਊ ਕਦੋਂ ਪੁੱਟੇ ਨਹੀਂ ਕੀਹਨੇ ?
'ਗੁਲਾਫਸਾ' ਤਾਂ ਸਦਾ ਕੌੜਾ ਸੱਚ ਹੀ ਸੁਣਾਊ,
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?

-ਮੋਬਾ: 9814826006

---0---

## ਆਖ ਰਹੇ ਕਿਸਾਨ ਤੇ ਮਜ਼ਦੂਰ

ਦਵਿੰਦਰ ਪਾਲ ਹੀਂਉ

ਆਖ ਰਹੇ ਕਿਸਾਨ ਤੇ ਮਜ਼ਦੂਰ,
ਹਾਲੇ ਤਾਂ ਦੇਖਣ ਆਏ ਸੀ ਪਰ,
ਦਿੱਲੀ ਬਣ ਕੇ ਬਹਿ ਗਈ ਹੂਰ।
ਵਿਆਹੇ ਬਿਨਾਂ ਪਿੱਛੇ ਨੀ ਮੁੜਦੇ,
ਕਰ ਲੈ ਤਿਆਰੀ ਬੰਨ੍ਹ ਲੈ ਜੂੜ।
ਛੇਤੀ ਕਰ ਲੈ ਤਿਆਰੀ ਬੱਲੀਏ,
ਤੈਨੂੰ ਲੈ ਕੇ ਜਾਣਾ ਕਾਫ਼ੀ ਦੂਰ।
ਜਿਆਦਾ ਬਰਾਤੀ ਦੇਖ-ਦੇਖ ਕੇ,
ਤੇਰਾ ਬਾਪੂ ਆ ਗੁੱਸੇ ਵਿੱਚ ਚੂਰ।
ਪੁਲਸ ਦਾ ਸਾਨੂੰ ਡਰ ਦਿਖਾ ਕੇ,
ਲੜਨੇ ਲਈ ਕਰਦਾ ਮਜ਼ਬੂਰ।
ਸਬਰ ਸਾਡੇ ਨੂੰ ਪਰਖ ਲੈ ਭਾਵੇਂ,
ਖਾਲੀ ਮੁੜਨਾ ਨਹੀਂ ਦਸਤੂਰ।
ਬੁੱਧੀਜੀਵੀ ਵੀ ਨਾਲ ਅਸਾਡੇ,
ਰਲ ਭੰਨ ਦਿਆਂਗੇ ਹੰਕਾਰ ਫਤੂਰ।
ਕਰਤੂਤਾਂ ਥੋਡੀਆਂ ਫੇਲ੍ਹ ਕਰਾਂਗੇ,
ਕਾਨੂੰਨ ਕਰਾਂਗੇ ਚਕਨਾਚੂਰ।
ਦਾਜ-ਦਹੇਜ ਲਾਲਚ ਨਾ ਕੋਈ,
ਐਮ ਐਸ ਪੀ ਦੇ ਦਿਓ ਜਰੂਰ।
ਦਵਿੰਦਰ ਹੀਂਉ ਵਾਰ-ਵਾਰ ਆਖਦਾ,
ਇਸ ਤੋਂ ਘੱਟ ਕੁੱਝ ਨਹੀਂ ਮੰਨਜ਼ੂਰ।
ਬਹੁਤੇ ਦਿਨ ਘਰ ਜੰਞ ਨਾ ਰੱਖੀਏ,
ਬੰਦਾ ਬਣ ਛੱਡ ਦੇ ਮਗਰੂਰ।
ਜਲਦੀ ਕਰ ਹੁਣ ਤੋਰ ਦੇ ਡੋਲੀ,
ਘਰੋਂ ਖੁਦ ਹੀ ਨਿਕਲ ਜਾਵੇ ਨਾ ਨੂਰ।
ਮੌਕਾ ਹੈ ਹਾਲੇ ਵੀ ਸਮਝ ਜ਼ਾੜ,
ਆਖ ਰਹੇ ਕਿਸਾਨ ਤੇ ਮਜ਼ਦੂਰ॥

(0039 3203459870)

---0---

## .ਗ਼ਜ਼ਲ

'ਸੁਰਜੀਤ ਦੇਵਲ'

ਐਵੇਂ ਸਾਰ ਨਾ ਗੱਲਾਂ ਤੋਰ।
ਜਾਮ ਪਿਆ ਨੈਣਾਂ ਦਾ ਹੋਰ।
ਚੜ੍ਹਦੇ ਜੋਬਨ ਲੜਗੇ ਨੈਣ,
ਨਾ ਰੱਖੀਂ ਤੂੰ ਦਿਲ ਵਿਚ ਖੋਰ।
ਚੜ੍ਹਨਾ ਚੰਨ ਕਰੂੰ ਦੀਦਾਰ,
ਵੇਖੇ ਬਾਗ਼ 'ਚੇ ਬੈਠ ਚਕੋਰ।
ਫੁੱਲਾਂ ਵਰਗਾ ਹਾਸਾ ਕੋਰ,
ਦਿਲ ਸੱਜਣ ਲੈ ਜਾਣ ਬਟੋਰ।
ਹੁਣ ਤੜਫਾਵੇਂ ਰੋਣਾ ਫੇਰ,
ਸਾਹਾਂ ਦੀ ਜਦ ਟੁੱਟੀ ਡੋਰ।
ਕਿਹੜੀ ਗੱਲੋਂ ਆਪ ਉਦਾਸ,
ਗ਼ਮ ਤੇਰਾ ਤਾਂ ਖਾਵੇ ਭੋਰ।
ਦੂਰ ਪਰੀ ਦੇ ਕਰ ਦੀਦਾਰ,
'ਦੇਵਲ' ਨੂੰ ਹੈ ਚੜ੍ਹਗੀ ਲੋਰ।

-ਮੋਬਾ: 92563 67202

---0---

# ‘ਮੌਤ ਤੋ ਆਨੀ ਹੈ...’ : ਕੁੰਵਰ ਬੇਚੈਨ

ਪ੍ਰੋ. ਨਵ ਸੰਗੀਤ ਸਿੰਘ

ਸਾਹਿਤ ਦਾ ਇੱਕ ਹੋਰ ਸੂਰਜ ਅਸਤ ਹੋ ਗਿਆ ਹੈ। ਹਿੰਦੀ ਗ਼ਜ਼ਲਾਂ ਅਤੇ ਗੀਤਾਂ ਦਾ ਮਹੱਤਵਪੂਰਨ ਹਸਤਾਖਰ ਕੁੰਵਰ ਬੇਚੈਨ ਨਹੀਂ ਰਿਹਾ। 1 ਜੁਲਾਈ 1942 ਈ. ਨੂੰ ਪਿੰਡ ਉਮਰੀ ਜ਼ਿਲ੍ਹਾ ਮੁਰਾਦਾਬਾਦ (ਉੱਤਰ ਪ੍ਰਦੇਸ਼) ਵਿਖੇ ਜਨਮੇ ਬੇਚੈਨ ਦਾ ਬਚਪਨ ਚੰਦੌਸੀ ਵਿੱਚ ਬੀਤਿਆ। ਉਸਦਾ ਅਸਲੀ ਨਾਂ ਕੁੰਵਰ ਬਹਾਦਰ ਸਕਸੈਨਾ ਸੀ। ਉਸਨੇ ਐਮਕਾਮ., ਐਮਏ, ਪੀਐਚਡੀ. ਦੀ ਵਿਦਿਆ ਹਾਸਲ ਕਰਕੇ ਐਮ ਐਮ ਐਚ ਕਾਲਜ ਗਾਜ਼ੀਆਬਾਦ ਵਿਖੇ ਹਿੰਦੀ ਵਿਭਾਗ ਵਿੱਚ ਪ੍ਰਾਧਿਆਪਕ ਵਜੋਂ ਕਾਰਜ ਕੀਤਾ, ਜਿੱਥੋਂ ਉਹ 2001 ਵਿੱਚ ਵਿਭਾਗ-ਮੁਖੀ ਵਜੋਂ ਸੇਵਾਮੁਕਤ ਹੋਇਆ। ਕੁਝ ਦਿਨ ਪਹਿਲਾਂ (29 ਅਪ੍ਰੈਲ 2021 ਨੂੰ) ਉਸ ਦਾ ਦੇਹਾਂਤ ਹੋ ਗਿਆ।

ਪੱਛਮੀ ਉੱਤਰ ਪ੍ਰਦੇਸ਼ ਦੀ ਧਰਤੀ ਛੰਦ ਦੀ ਦ੍ਰਿਸ਼ਟੀ ਤੋਂ ਬਹੁਤ ਜ਼ਰਖੇਜ਼ ਮੰਨੀ ਜਾਂਦੀ ਹੈ, ਜਿੱਥੇ ਗੀਤਾਂ ਦੇ ਇੱਕ ਤੋਂ ਇੱਕ ਮਹਾਨ ਕਵੀ ਪੈਦਾ ਹੋਏ। ਨੀਰਜ, ਭਾਰਤ ਭੂਸ਼ਣ, ਕ੍ਰਿਸ਼ਨ ਸਰੋਜ, ਬਲਬੀਰ ਸਿੰਘ ਰੰਗ, ਰਮੇਸ਼ ਰੰਜਕ ਅਤੇ ਰਾਮ ਅਵਤਾਰ ਤਿਆਗੀ ਜਿਹੇ ਬਹੁਤ ਸਾਰੇ ਗੀਤਕਾਰ ਇਸੇ ਇਲਾਕੇ ਨਾਲ ਸਬੰਧ ਰੱਖਦੇ ਹਨ। ਇਨ੍ਹਾਂ ਵਿੱਚੋਂ ਹਰੇਕ ਗੀਤਕਾਰ ਦਾ ਆਪਣਾ ਰੰਗ ਰਿਹਾ ਹੈ ਅਤੇ ਮੰਚ ਦੀ ਦੁਨੀਆਂ ਇਨ੍ਹਾਂ ਤੋਂ ਹੀ ਪਹਿਚਾਣੀ ਜਾਂਦੀ ਰਹੀ ਹੈ। ਇਹੋ ਕਾਰਨ ਹੈ ਕਿ ਕੁੰਵਰ ਬਹਾਦਰ ਸਕਸੈਨਾ ਤੋਂ ਕੁੰਵਰ ਬੇਚੈਨ ਬਣੇ ਇਸ ਕਵੀ ਨੇ ਜਦੋਂ ਲਿਖਣਾ ਸ਼ੁਰੂ ਕੀਤਾ ਤਾਂ ਗੀਤਾਂ ਵਿੱਚ ਜਿਵੇਂ ਇੱਕ ਨਵੀਂ ਚਮਕ ਜਿਹੀ ਆ ਗਈ ਹੋਵੇ! ਉਸ ਨੇ ਬਹੁਤ ਸਾਰੇ ਕਵੀ-ਸੰਮੇਲਨਾਂ ਵਿਚ ਹਿੱਸਾ ਲਿਆ ਸੀ, ਜਿਸ ਵਿੱਚ ਸਬ ਟੀਵੀ ਤੇ ਕਵਿਤਾ ਦੇ ਪ੍ਰੋਗਰਾਮ ‘ਵਾਹ ਵਾਹ ਕਿਆ ਬਾਤ ਹੈ!’ ਵੀ ਸ਼ਾਮਲ ਹੈ। ਉਹ ਪ੍ਰਸਿੱਧ ਹਿੰਦੀ ਕਵੀ ਡਾ. ਕੁਮਾਰ ਵਿਸ਼ਵਾਸ ਦਾ ਪੀਐੱਚ ਡੀ ਦਾ ਸਲਾਹਕਾਰ ਵੀ ਰਿਹਾ।



ਕੁੰਵਰ ਬੇਚੈਨ ਗ਼ਜ਼ਲ ਲਿਖਣ ਵਾਲੇ ਆਧੁਨਿਕ ਤੇ ਜਾਗਰੂਕ ਰਚਨਾਕਾਰਾਂ ਵਿੱਚੋਂ ਸੀ। ਉਹਨੇ ਆਧੁਨਿਕ ਗ਼ਜ਼ਲ ਨੂੰ ਸਮਕਾਲੀਨ ਜਾਮਾ ਪਹਿਨਾ ਕੇ ਆਮ ਆਦਮੀ ਦੇ ਦੈਨਿਕ ਜੀਵਨ ਨਾਲ਼ ਜੋੜਿਆ। ਇਹੋ ਕਾਰਨ ਹੈ ਕਿ ਉਹ ਹਿੰਦੀ ਕਵੀ ਨੀਰਜ ਪਿੱਛੋਂ ਮੰਚ ਤੇ ਸਲਾਹੇ ਜਾਣ ਵਾਲ਼ੇ ਕਵੀਆਂ ਵਿੱਚੋਂ ਸਭ ਤੋਂ ਅੱਗੇ ਸੀ। ਉਹਨੇ ਗੀਤਾਂ ਵਿੱਚ ਵੀ ਇਸੇ ਪਰੰਪਰਾ ਨੂੰ ਕਾਇਮ ਰੱਖਿਆ। ਉਹ ਨਾ ਸਿਰਫ਼ ਪੜ੍ਹਿਆ ਤੇ ਸੁਣਿਆ ਹੀ ਗਿਆ, ਸਗੋਂ ਕੈਸਿਟਾਂ ਦੀ ਦੁਨੀਆਂ ਵਿੱਚ ਵੀ ਬਹੁਤ ਲੋਕਪ੍ਰਿਯ ਰਿਹਾ।

ਉਸ ਦੀਆਂ ਲਿਖੀਆਂ ਕਿਤਾਬਾਂ ਦੀ ਗਿਣਤੀ 35 ਤੋਂ ਵੀ ਵਧੇਰੇ ਹੈ, ਜਿਨ੍ਹਾਂ ਵਿੱਚ 9 ਗੀਤ-ਸੰਗ੍ਰਹਿ, 15 ਗ਼ਜ਼ਲ-ਸੰਗ੍ਰਹਿ, 2 ਕਾਵਿ-ਸੰਗ੍ਰਹਿ, ਇੱਕ ਮਹਾਂਕਾਵਿ, ਇੱਕ ਹਾਇਕੂ-ਸੰਗ੍ਰਹਿ, ਇੱਕ ਦੋਹਾ-ਸੰਗ੍ਰਹਿ, ਇੱਕ ਸਫ਼ਰਨਾਮਾ ਤੇ 2 ਨਾਵਲਾਂ ਸਮੇਤ ‘ਗ਼ਜ਼ਲ ਕਾ ਵਿਆਕਰਣ’ ਨਾਂ ਦੀ ਗ਼ਜ਼ਲ-ਸੰਰਚਨਾ ਸਮਝਣ-ਸਮਝਾਉਣ ਵਾਲ਼ੀ ਇੱਕ ਅਤਿਅੰਤ ਮਹੱਤਵਪੂਰਣ ਪੁਸਤਕ ਵੀ ਸ਼ਾਮਲ ਹੈ।

ਇਨ੍ਹਾਂ ਪੁਸਤਕਾਂ ਦੇ ਨਾਂ ਹਨ- ਪਿਨ ਬਹੁਤ ਸਾਰੇ, ਭੀਤਰ ਸਾਂਕਲ: ਬਾਹਰ ਸਾਂਕਲ, ਉਰਵਸ਼ੀ ਹੋ ਤੁਮ, ਝੁਲਸੋ ਮਤ ਮੋਰਪੰਖ, ਏਕ ਦੀਪ ਚੌਮੁਖੀ, ਨਦੀ ਪਸੀਨੇ ਕੀ, ਦਿਨ ਦਿਵੰਗਤ ਹੁਏ, ਸ਼ਾਮਿਆਨੇ ਕਾਂਚ ਕੇ, ਮਹਾਵਰ ਇੰਤਜ਼ਾਰੋਂ ਕਾ, ਰੱਸੀਆਂ ਪਾਨੀ ਕੀ, ਪੱਥਰ ਕੀ ਬਾਂਸੁਰੀ, ਦੀਵਾਰੋਂ ਪਰ ਦਸਤਕ, ਨਾਵ ਬਨਤਾ ਹੂਆ ਕਾਗਜ਼, ਆਗ ਪਰ ਕੰਦੀਲ, ਆਂਧੀਓਂ ਮੇਂ ਪੇੜ, ਆਠ ਸੁਰੋਂ ਕੀ ਬਾਂਸੁਰੀ, ਆਂਗਨ ਕੀ ਅਲਗਨੀ, ਤੋ ਸੁਬਹ ਹੋ, ਕੋਈ ਆਵਾਜ਼ ਦੇਤਾ ਹੈ, ਨਦੀ ਤੁਮ ਰੁਕ ਕਿਉਂ ਗਈ, ਸ਼ਬਦ: ਏਕ ਲਾਲਟੇਨ ਅਤੇ ਮਹਾਂਕਾਵਿ ਪੰਚਾਲੀ ਆਦਿ।

ਕੁੰਵਰ ਬੇਚੈਨ ਨੇ ਕਈ ਦੇਸ਼ਾਂ-- ਮਾਰੀਸ਼ਸ, ਰੂਸ, ਸਿੰਘਾਪੁਰ, ਇੰਡੋਨੇਸ਼ੀਆ, ਮਸਕਟ, ਅਮਰੀਕਾ, ਕੈਨੇਡਾ, ਯੂ ਕੇ, ਦੁਬਈ, ਸੂਰੀਨਾਮ, ਹਾਲੈਂਡ, ਫਰਾਂਸ, ਜਰਮਨੀ, ਬੈਲਜ਼ੀਅਮ, ਸਵਿੱਟਜ਼ਰਲੈਂਡ, ਲਗਜ਼ਮਬਰਗ, ਪਾਕਿਸਤਾਨ, ਜਾਪਾਨ ਆਦਿ ਦੀ ਯਾਤਰਾ ਕੀਤੀ ਅਤੇ ਬਹੁਤ ਸਾਰੀਆਂ ਮਹੱਤਵਪੂਰਣ ਸੰਸਥਾਵਾਂ (ਕਰੀਬ ਢਾਈ ਸੌ ਤੋਂ ਵੱਧ) ਵੱਲੋਂ ਸਨਮਾਨ ਪ੍ਰਾਪਤ ਕੀਤੇ।

ਪਾਠਕਾਂ ਦੀ ਦਿਲਚਸਪੀ ਲਈ ਉਸ ਵੱਲੋਂ ਲਿਖੀਆਂ ਕੁਝ ਗ਼ਜ਼ਲਾਂ ਦਾ ਪੰਜਾਬੀ ਲਿਪੀਅੰਤਰ ਪੇਸ਼ ਹੈ:

ਬੜਾ ਉਦਾਸ ਸਫ਼ਰ ਹੈ ਹਮਾਰੇ ਸਾਥ ਰਹੋ
ਬਸ ਏਕ ਤੁਮ ਪੇ ਨਜ਼ਰ ਹੈ ਹਮਾਰੇ ਸਾਥ ਰਹੋ

ਹਮ ਆਜ ਐਸੇ ਕਿਸੀ ਜ਼ਿੰਦਗੀ ਕੇ ਮੋੜ ਪੇ ਹੈਂ
ਨ ਕੋਈ ਰਾਹ ਨ ਘਰ ਹੈ ਹਮਾਰੇ ਸਾਥ ਰਹੋ

ਤੁਮਹੇਂ ਹੀ ਛਾਂਵ ਸਮਝਕਰ ਹਮ ਆ ਗਏ ਹੈਂ ਇਧਰ
ਤੁਮਹਾਰੇ ਗੋਦ ਮੇਂ ਸਰ ਹੈ ਹਮਾਰੇ ਸਾਥ ਰਹੋ

ਯੇ ਨਾਵ ਦਿਲ ਕੀ ਅਭੀ ਡੂਬ ਹੀ ਨ ਜਾਏ ਕਹੀਂ
ਹਰੇਕ ਸਾਂਸ ਭੰਵਰ ਹੈ ਹਮਾਰੇ ਸਾਥ ਰਹੋ

ਜ਼ਮਾਨਾ ਜਿਸਕੋ ਮੁਹੱਬਤ ਕਾ ਨਾਮ ਦੇਤਾ ਰਹਾ
ਅਭੀ ਅਜਾਨੀ ਡਗਰ ਹੈ ਹਮਾਰੇ ਸਾਥ ਰਹੋ

ਇਧਰ ਚਰਾਗ਼ ਧੂਏਂ ਮੇਂ ਘਿਰੇ-ਘਿਰੇ ਹੈਂ @ਕੁੰਵਰ@
ਉਧਰ ਯੇ ਰਾਤ ਕਾ ਡਰ ਹੈ ਹਮਾਰੇ ਸਾਥ ਰਹੋ

---0---

ਕੋਈ ਰਸਤਾ ਹੈ ਨ ਮੰਜ਼ਿਲ ਨ ਤੋ ਘਰ ਹੈ ਕੋਈ
ਆਪ ਕਹੀਏਗਾ ਸਫ਼ਰ ਯੇ ਭੀ ਸਫ਼ਰ ਹੈ ਕੋਈ

‘ਪਾਸ-ਬੁੱਕ’ ਪਰ ਤੋ ਨਜ਼ਰ ਹੈ ਕਿ ਕਹਾਂ ਰੱਖੀ ਹੈ
ਪਿਆਰ ਕੇ ਖ਼ਤ ਕਾ ਪਤਾ ਹੈ ਨ ਖ਼ਬਰ ਹੈ ਕੋਈ

ਠੋਕਰੇਂ ਦੇ ਕੇ ਤੁਝੇ ਉਸਨੇ ਤੋ ਸਮਝਾਇਆ ਬਹੁਤ
ਏਕ ਠੋਕਰ ਕਾ ਭੀ ਕਯਾ ਤੁਝਪੇ ਅਸਰ ਹੈ ਕੋਈ

ਰਾਤ-ਦਿਨ ਅਪਨੇ ਇਸ਼ਾਰੋਂ ਪੇ ਨਚਾਤਾ ਹੈ ਮੁਝੇ
ਮੈਨੇ ਦੇਖਾ ਤੋ ਨਹੀਂ, ਮੁਝ ਮੇਂ ਮਗਰ ਹੈ ਕੋਈ

ਏਕ ਭੀ ਦਿਲ ਮੇਂ ਨਾ ਉਤਰੀ, ਨ ਕੋਈ ਦੋਸਤ ਬਨਾ
ਯਾਰ ਤੂ ਯਹ ਤੋ ਬਤਾ ਯਹ ਭੀ ਨਜ਼ਰ ਹੈ ਕੋਈ

ਪਿਆਰ ਸੇ ਹਾਥ ਮਿਲਾਨੇ ਸੇ ਹੀ ਪੁਲ ਬਨਤੇ ਹੈਂ
ਕਾਟ ਦੋ, ਕਾਟ ਦੋ ਗਰ ਦਿਲ ਮੇਂ ਭੰਵਰ ਹੈ ਕੋਈ

ਮੌਤ ਦੀਵਾਰ ਹੈ, ਦੀਵਾਰ ਕੇ ਉਸ ਪਾਰ ਸੇ ਅਬ
ਮੁਝ ਕੋ ਰਹ-ਰਹ ਕੇ ਬੁਲਾਤਾ ਹੈ ਉਧਰ ਹੈ ਕੋਈ

ਸਾਰੀ ਦੁਨੀਆ ਮੇਂ ਲੁਟਾਤਾ ਹੀ ਰਹਾ ਪਿਆਰ ਅਪਨਾ
ਕੌਨ ਹੈ, ਸੁਨਤੇ ਹੈਂ, ‘ਬੇਚੈਨ ਕੁੰਵਰ’ ਹੈ ਕੋਈ

-ਮੋਬਾ: 94176 92015

----0----

# ਸਿਰਮੌਰ ਅਨੁਵਾਦਕ ਗੁਰੂਬਖ਼ਸ਼ ਸਿੰਘ ਫਰੈਂਕ

ਡਾ. ਲਾਭ ਸਿੰਘ ਖੀਵਾ

ਡਾ. ਫਰੈਂਕ, ਦਰਅਸਲ, ਆਪਣੀ ਮੁੱਢਲੀ ਉਮਰੇ ਰੂਸੀ ਸਫ਼ਾਰਤਖਾਨਾ ਦਿੱਲੀ ਵਿਖੇ ਪ੍ਰੈੱਸ ਤੇ ਪਬਲੀਕੇਸ਼ਨ ਡਵੀਜ਼ਨ ਵਿਚ ਮੁਲਾਜ਼ਮ ਸਨ। ਮਾਸਕੋ ਪ੍ਰਗਤੀ ਪ੍ਰਕਾਸ਼ਨ ਸਥਾਪਤ ਹੋਇਆ ਤਾਂ ਉਹ ਉੱਥੇ ਚਲੇ ਗਏ। ਇੰਸਟੀਚੂਟ ਆਫ ਓਰੀਐਂਟਲ ਸਟੱਡੀਜ਼ ਡਾ. ਗੁਰਬਖ਼ਸ਼ ਸਿੰਘ ਫਰੈਂਕ ਨੂੰ ਪਹਿਲੀ ਵਾਰ ਪਾਰਟੀ ਲੇਖਕਾਂ ਦੀ ਇਕ ਮੀਟਿੰਗ ਵਿਚ ਮੈਂ ਮਿਲਿਆ ਸੀ, ਜਿਹੜੀ ਸੀ. ਪੀ. ਆਈ. ਦੇ ਸੂਬਾ ਦਫ਼ਤਰ ਚੰਡੀਗੜ੍ਹ ਵਿਖੇ ਪਾਰਟੀ ਸਕੱਤਰ ਮਰਹੂਮ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਨੇ ਸ਼ਾਇਦ 1978 ਵਿਚ ਬੁਲਾਈ ਸੀ। ਮੇਰੇ ਅਧਿਆਪਕ ਮਰਹੂਮ ਡਾ. ਰਵਿੰਦਰ ਸਿੰਘ ਰਵੀ ਵੀ ਹਾਜ਼ਰ ਸਨ। ਫਿਰ ਮੈਂ 1983-84 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਐੱਮ. ਫਿੱਲ਼ ਦਾ ਵਿਦਿਆਰਥੀ ਬਣਿਆ ਤਾਂ ਉੱਥੇ ਮੇਰੇ ਅਧਿਆਪਕ ਡਾ. ਫਰੈਂਕ ਵੀ ਸਨ। ਦਸੰਬਰ 8, 1975 ਨੂੰ ਖ਼ਰੀਦੀ ਕਿਤਾਬ ‘ਮੇਰਾ ਦਾਗਿਸਤਾਨ’ ਦਾ ਅਨੁਵਾਦਕ ਗੁਰੂਬਖ਼ਸ਼ ਕਲਾਸ ਰੂਮ ਵਿਚ ਮੈਨੂੰ ਡਾ. ਗੁਰਬਖ਼ਸ਼ ਸਿੰਘ ਫਰੈਂਕ ਦੇ ਰੂਪ ਵਿਚ ਪੜ੍ਹਾ ਰਿਹਾ ਸੀ। ਦਾਖਲਾ-ਕਮੇਟੀ ਵਿਚ ਜੇਕਰ ਉਹ ਨਾ ਹੁੰਦੇ, ਸ਼ਾਇਦ ਦਾਖ਼ਲਾ-ਕ੍ਰਿਕਟ ਦੀ ਮੇਰੀ ਵਿਕਟ ਹਿੱਲ ਜਾਂਦੀ। ਬਸ ਫਿਰ ਦੋ ਸਾਲ ਉਨ੍ਹਾਂ ਦੀ ਖ਼ੂਬ ਸੰਗਤ ਮਾਣੀ, ਉਨ੍ਹਾਂ ਦੇ ਵਿਭਾਗੀ ਕਮਰੇ ਵਿਚ ਵੀ ਤੇ ਘਰ ਵੀ। ਉਹ ਹੌਲੀ ਹੌਲੀ ਬੋਲਦੇ, ਬੋਲਣ ਵਿਚ ਵੀ ਸੰਜਮ, ਤੁਰਨ-ਫਿਰਨ ’ਚ ਵੀ ਕੰਜੂਸੀ। ਸੰਕੋਚੀ ਟਿੱਪਣੀ ਕਰਦੇ ਪਰ ਵਿਅੰਗ ਨਾਲ ਲਬਰੇਜ਼।

ਡਾ. ਫਰੈਂਕ, ਦਰਅਸਲ, ਆਪਣੀ ਮੁੱਢਲੀ ਉਮਰੇ ਰੂਸੀ ਸਫ਼ਾਰਤਖਾਨਾ ਦਿੱਲੀ ਵਿਖੇ ਪ੍ਰੈੱਸ ਤੇ ਪਬਲੀਕੇਸ਼ਨ ਡਵੀਜ਼ਨ ਵਿਚ ਮੁਲਾਜ਼ਮ ਸਨ। ਮਾਸਕੋ ਪ੍ਰਗਤੀ ਪ੍ਰਕਾਸ਼ਨ ਸਥਾਪਤ ਹੋਇਆ ਤਾਂ ਉਹ ਉੱਥੇ ਚਲੇ ਗਏ। ਇੰਸਟੀਚੂਟ ਆਫ ਓਰੀਐਂਟਲ ਸਟੱਡੀਜ਼ ਵਿਚ ਪੀ. ਐੱਚ. ਡੀ. ਕਰਨ ਲਈ ਉਨ੍ਹਾਂ ਪਹਿਲਾਂ ਰੂਸੀ ਭਾਸ਼ਾ ਵਿਚ ਐੱਮ. ਏ. ਕੀਤੀ ਤੇ ਫਿਰ ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਉੱਤੇ ਖੋਜ ਕਰ ਕੇ ਅਕਾਦਮਿਕ ਡਾਕਟਰ ਬਣੇ। 1975 ਵਿਚ ਆਪਣਾ ਖੋਜ ਕਾਰਜ ਖ਼ਤਮ ਕਰਨ ਤੋਂ ਬਾਅਦ ਉਹ ਇੱਕੋ ਇਕ ਪਹਿਲੇ ਪੰਜਾਬੀ ਲੇਖਕ ਹਨ, ਜਿਨ੍ਹਾਂ ‘ਰੂਸੀ-ਪੰਜਾਬੀ ਸ਼ਬਦਕੋਸ਼’ ਤਿਆਰ ਕੀਤਾ। ਉਹ 1969 ਈ. ਤੋਂ 1976 ਤਕ ਸੋਵੀਅਤ ਯੂਨੀਅਨ ਵਿਖੇ ਅਨੁਵਾਦ ਦਾ ਕਾਰਜ ਕਰਦੇ ਰਹੇ ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪ੍ਰੋਫੈਸਰ ਬਣਨ ਤੋਂ ਬਾਅਦ ਇਕ ਵਾਰ ਫਿਰ ਉਨ੍ਹਾਂ ਮਾਸਕੋ ਜਾ ਕੇ ਇਕ ਪ੍ਰੋਜੈਕਟ ਉੱਤੇ ਕੰਮ ਕੀਤਾ। 1995 ਤਕ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਚੇਅਰਮੈਨਸ਼ਿੱਪ ਕਰਦਿਆਂ ਸੇਵਾ-ਮੁਕਤ ਹੋਏ। ਸੱਭਿਆਚਾਰ ਤੇ ਨਿੱਕੀ ਕਹਾਣੀ ਉਨ੍ਹਾਂ ਦੇ ਅਧਿਆਪਨ ਤੇ ਖੋਜ ਦੇ ਖੇਤਰ ਰਹੇ। ‘ਸੱਭਿਆਚਾਰ ਤੇ ਪੰਜਾਬੀ ਸੱਭਿਆਚਾਰ’, ‘ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ’, ‘ਸਾਹਿਤ ਦੀ ਸੰਬਾਦਕਤਾ ਅਤੇ ਹੋਰ ਲੇਖ’, ਅਤੇ ‘ਸੰਬਾਦ-1 1984’, ਸਿਰਲੇਖ ਦੀਆਂ ਪੁਸਤਕਾਂ ਉਨ੍ਹਾਂ ਦੇ ਅਧਿਆਪਨ-ਜੀਵਨ ਦੀ ਦੇਣ ਹਨ। ਵਾਸਤਵ ਵਿਚ, ਡਾ. ਫਰੈਂਕ ਦੀ ਦਿਲਚਸਪੀ ਤੇ ਪੇਸ਼ੇਵਰ-ਸ਼ੌਕ ਅਨੁਵਾਦ ਦਾ ਰਿਹਾ। ਉਨ੍ਹਾਂ ਰੂਸੀ ਲੇਖਕ ਪੰਜਾਬੀ ਵਿਚ ਅਨੁਵਾਦ ਕਰ ਕੇ ਪੰਜਾਬੀ ਪਾਠਕਾਂ ਦੀ ਸਾਂਝ ਰੂਸੀ ਸਾਹਿਤ ਨਾਲ ਪੁਆਈ। ਟਾਲਸਟਾਏ, ਗੋਰਕੀ, ਚੈਖ਼ਵ, ਰਸੂਲ ਹਮਜ਼ਾਤੋਵ, ਪੁਸ਼ਕਿਨ ਆਦਿ ਲੇਖਕਾਂ ਦੇ ਸਾਹਿਤ ਤਕ ਡਾ. ਫਰੈਂਕ ਦੇ ਸਰਲ ਅਤੇ ਮਿਆਰੀ ਅਨੁਵਾਦ ਸਦਕਾ ਹੀ ਪੰਜਾਬੀ ਪਾਠਕ ਦੀ ਰਸਾਈ ਹੋ ਸਕੀ। ਕਮਿਊਨਿਸਟ ਸਾਹਿਤ ਅਤੇ ਮਾਰਕਸਵਾਦੀ ਫਲਸਫ਼ੇ ਦੀਆਂ ਵੀ ਚੌਖੀਆਂ ਕਿਤਾਬਾਂ ਪੰਜਾਬੀ ਵਿਚ ਉਲਥਾਈਆਂ।



ਰੂਸੀ ਸਾਹਿਤ ਦੇ ਸਿਰਜਣਾਤਮਕ ਪਰਿਵੇਸ਼ ਦੀ ਮੌਲਿਕ ਸੂਝ ਨੇ ਡਾ. ਫਰੈਂਕ ਦੀ ਅਨੁਵਾਦਕ ਮੁਹਾਰਤ ਨੂੰ ਬਲ ਬਖ਼ਸ਼ਿਆ। ਜਿਸ ਕਰਕੇ ਉਨ੍ਹਾਂ ਦੀਆਂ ਅਨੁਵਾਦਿਤ ਪੁਸਤਕਾਂ ਵਿਚ ਉਪਰਾਪਨ ਪਾਠਕਾਂ ਨੂੰ ਮਹਿਸੂਸ ਨਹੀਂ ਹੁੰਦਾ ਅਤੇ ਭਾਸ਼ਾਈ ਮੌਲਿਕਤਾ ਦੇ ਅਹਿਸਾਸ ਕਰ ਕੇ ਪਾਠਕ ਲਈ ਪੁਸਤਕ ਪੜ੍ਹਨਯੋਗ ਤੇ ਮਾਨਣਯੋਗ ਲਗਦੀ ਹੈ।

ਉਹ ਰੂਸੀ ਗਲਪ ਦੇ ਬਿਰਤਾਂਤਕ ਵਾਤਾਵਰਨ ਨੂੰ ਹੂਬਹੂ ਉਲਥਾਉਣ ਦੀ ਕਲਾਕਾਰੀ ਵਿਚ ਕਾਮਿਲ ਕਲਮਕਾਰ ਹਨ। ਟਾਲਸਟਾਏ ਦੀ ‘ਪਾਦਰੀ ਸੇਰਗਈ’ ਅਤੇ ਲੇਰਮੋਨਤੋਵ ਦੀ ‘ਸਾਡੇ ਸਮੇਂ ਦਾ ਇਕ ਨਾਇਕ’ ਉਨ੍ਹਾਂ ਦੀਆਂ ਅਨੁਵਾਦਿਤ ਦੋ ਹੋਰ ਕਿਤਾਬਾਂ ਵੀ ਜ਼ਿਕਰਯੋਗ ਹਨ। ‘ਫ਼ਿਲਾਸਫੀ ਕੀ ਹੈ?’ ਸਮੇਤ ਉਨ੍ਹਾਂ ਰੂਸੀ ਭਾਸ਼ਾ ਤੋਂ ਪੰਜਾਬੀ ਜ਼ੁਬਾਨ ਵਿਚ ਲਗਪਗ ਤਿੰਨ ਦਰਜਨ ਪੁਸਤਕਾਂ ਦਾ ਤਰਜਮਾ ਕੀਤਾ ਹੈ। ਰੂਸੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਤਕ ਪਰਪੱਕ ਪਹੁੰਚ ਸਦਕਾ ਡਾ. ਫਰੈਂਕ ਨੇ ਸਿਰਫ਼ ਰੂਸੀ ਸਾਹਿਤ ਤੇ ਦਰਸ਼ਨ ਦੀਆਂ ਕਲਾਸਿਕ ਪੁਸਤਕਾਂ ਦਾ ਹੀ ਅਨੁਵਾਦ ਨਹੀਂ ਕੀਤਾ, ਸਗੋਂ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਆਬਿਦ ਹੁਸੈਨ ਆਦਿ ਦੀਆਂ ਲਿਖਤਾਂ ਨੂੰ ਵੀ ਪੰਜਾਬੀ ਪਾਠਕਾਂ ਤਕ ਦਸਤਯਾਬ ਕੀਤਾ ਹੈ। ਉਨ੍ਹਾਂ ਦੀ ਅਨੁਵਾਦਕ ਕਲਾ ਨੂੰ ਮਾਣਤਾ ਦਿੰਦਿਆਂ ਭਾਰਤੀ ਸਾਹਿਤ ਅਕਾਦਮੀ, ਦਿੱਲੀ ਨੇ 2012 ਵਿਚ ਕੌਮੀ ਪੁਰਸਕਾਰ ਦੇ ਕੇ ਉਨ੍ਹਾਂ ਨੂੰ ਸਨਮਾਨਿਆ ਹੈ।

ਉਨ੍ਹਾਂ ਦੀ ਉਲਥਾਈ ਪੁਸਤਕ ‘ਭਾਰਤੀ ਨਿੱਕੀ ਕਹਾਣੀ’ ਨੂੰ ਇਸ ਪੁਰਸਕਾਰ ਲਈ ਚੁਣਿਆ ਗਿਆ ਸੀ। ਇਹ ਪੁਸਤਕ ਵਿਭਿੰਨ ਭਾਰਤੀ ਨਿੱਕੀ ਕਹਾਣੀਆਂ ਦਾ ਸੰਗ੍ਰਹਿ ਹੈ, ਜਿਹੜਾ ਭਾਰਤੀ ਵਿਭਿੰਨ ਭਾਸ਼ਾਵਾਂ ਦੀਆਂ ਕਥਾਵਾਂ ਦੀ ਪ੍ਰਤੀਨਿਧਤਾ ਕਰਦਾ ਹੈ।

ਕਮਰੇ ਤਕ ਸੀਮਤ ਹੋਈ ਦੁਨੀਆ:ਸਾਡਾ ਇਹ ਸਿਰਮੌਰ ਪੰਜਾਬੀ ਉਲੱਥਾਕਾਰ 85 ਸਾਲ ਦੀ ਉਮਰ ਵਿਚ ਆ ਕੇ ਆਪਣੇ ਕਮਰੇ ਤਕ ਸੀਮਤ ਹੋ ਗਿਆ ਹੈ। ਉਨ੍ਹਾਂ ਦੀ ਜੀਵਨ-ਸਾਥਣ, ਬੇਟੀ ਤੇ ਦਾਮਾਦ ਉਨ੍ਹਾਂ ਦੀ ਸੇਵਾ-ਸੰਭਾਲ ਕਰ ਰਹੇ ਹਨ। ਮੇਰੇ ਵਰਗੇ ਦੂਰ ਬੈਠੇ ਵਿਦਿਆਰਥੀ ਉਨ੍ਹਾਂ ਨੂੰ ਮਿਲਣ ਜਾਂਦੇ ਹਨ ਤਾਂ ਚਿਹਰੇ ’ਤੇ ਨੂਰ ਆ ਜਾਂਦਾ ਹੈ। ਆਓ, ਅਜਿਹੇ ਸਿਰੜੀ ਤੇ ਸਿਦਕੀ ਵਿਦਵਾਨ ਦੀ ਚੰਗੀ ਸਿਹਤ ਲਈ ਦੁਆਵਾਂ ਕਰੀਏ ਤੇ ਉਨ੍ਹਾਂ ਨੂੰ ਮਿਲਦੇ-ਗਿਲਦੇ ਰਹੀਏ। ਭਾਸ਼ਾ ਵਿਭਾਗ ਪੰਜਾਬ ਵਰਗੀਆਂ ਸੰਸਥਾਵਾਂ ਨੂੰ ਅਜਿਹੀ ਪਹਿਲਕਦਮੀ ਕਰਨੀ ਚਾਹੀਦੀ ਹੈ।

-ਮੋਬਾ: 919417178487

# ਪੇਸ਼ਕਾਰ ਗਗਨਦੀਪ ਸੋਂਧੀ

ਕਮਲ ਸਰਾਵਾਂ

ਆਵਾਜ ਦੀ ਦੁਨੀਆਂ ਦਾ ਅੱਵਲ ਦਰਜੇ ਦਾ ਫਨਕਾਰ ਹੈ ਗਗਨਦੀਪ ਸੋਂਧੀ । ਐਂਕਰਿੰਗ ਦਾ ਬੇਮਿਸਾਲ ਫਨਕਾਰ । ਮਾਹੌਲ ਨੂੰ ਆਪਣੇ ਰੰਗ ਵਿੱਚ ਰੰਗ ਕੇ ਕਮਾਲ ਕਰਨ ਵਾਲਾ ਗਗਨਦੀਪ ਸੋਂਧੀ।

ਗਗਨਦੀਪ ਦਾ ਜਨਮ ਪਿੰਡ ਸੱਤੋਵਾਲੀ,ਜਿਲ੍ਹਾ ਜਲੰਧਰ ਵਿੱਚ ਹੋਇਆ।ਮੁੱਢਲੀ ਸਿੱਖਿਆ ਆਪਣੇ ਪਿੰਡ ਤੋਂ ਹਾਸਿਲ ਕਰੀ ਤੇ ਐਮ.ਏ ਸਰਕਾਰੀ ਕਾਲਜ ਹੁਸਿਆਰਪੁਰ ਤੇ ਬੀ.ਐਡ ਸਟੇਟ ਕਾਲਜ ਆਫ ਐਜੂਕੇਸਨ,ਪਟਿਆਲਾ ਤੋਂ ਕੀਤੀ।ਮਾਂ ਬਾਪ ਨੇ ਐਸੇ ਸੰਸਕਾਰ ਦਿੱਤੇ ਕਿ ਸਖਸੀਅਤ ਚੱਟਾਨ ਵਰਗੀ ਬੁਲੰਦ ਤੇ ਸੋਚ ਪਹਾੜਾਂ ਵਾਂਗ ਮਜਬੂਤ ਹੈ।

ਬਚਪਨ ਵਿੱਚ ਹੀ ਉਸਨੇ ਆਲ ਇੰਡੀਆ ਰੇਡਿਉ ਉੱਤੇ ਬੱਚਿਆ ਦੇ ਪ੍ਰੋਗਰਾਮ ਕਰਨੇ ਸੁਰੂ ਕਰ ਦਿੱਤੇ ਸਨ । 2009 ਤੱਕ ਐਂਕਰਿੰਗ ਦੇ ਖੇਤਰ ਵਿੱਚ ਉਹ ਆਪਣੀ ਮਿਹਨਤ ਤੇ ਲਗਨ ਨਾਲ ਆਪਣੀ ਸੋਹਣੀ ਪਛਾਣ ਬਣਾ ਲੈਂਦਾ ਏ । ਉਸਨੇ 107.7 ‘ਤੇ ਬਤੌਰ ਐਂਕਰ ਕੰਮ ਕੀਤਾ।ਉਹ ਜਿਸ ਪ੍ਰੋਗਰਾਮ ਨੂੰ ਹੋਸਟ ਕਰਦਾ ਏ,ਉਹ ਪ੍ਰੋਗਰਾਮ ਪੰਜਾਬੀ ਸੱਭਿਆਚਾਰ ਦੇ ਰੰਗ ਵਿੱਚ ਰੰਗਿਆ ਜਾਂਦਾ ਏ ।

ਉਸਦੀ ਬੋਲੀ ‘ਚ ਦਾਨਿਸਮੰਦੀ,ਬੁੱਲ੍ਹੇ ਵਾਲੀ ਦੀਵਾਨਗੀ,ਫਰੀਦ ਵਾਲਾ ਸਬਰ ਤੇ ਵਾਰਿਸ ਵਾਲੀ ਵਿਸਾਲਤਾ ਤੇ ਲੱਜਤ ਹੈ । ਉਹ ਸਬਦ ਬੋਲਦਾ ਨਹੀਂ ਆਖਦਾ ਏ । ਉਹ ਜਿਸ ਵੀ ਮੌਜੂ ’ਤੇ ਗੱਲ ਕਰਦਾ ਏ,ਉਹ ਖਾਸ ਬਹੁਤ ਖਾਸ ਹੋ ਜਾਂਦਾ ਏ। ਪੰਜਾਬ ਵੰਨ ਟੀਵੀ ਚੈਨਲ ਦਾ ਪ੍ਰੋਗਰਾਮ ‘ਖਰੀਆਂ ਖੋਟੀਆਂ,ਚੱਕਦੇ ਢੋਲੀਆ( ), ਵਿਰਸਾ ਬੋਲ ਪਿਆ, ਹੈਲੋ ਫਰਮਾਇਸ਼, ਧਮਕ ਜਲੰਧਰ ਪੈਂਦੀ, ਗੱਲਾਂ ਤੇ ਗੀਤ, ਸੱਜਰੀ ਸਵੇਰ(ਡੀਡੀ ਪੰਜਾਬੀ) ਤੇ ਦੇਸ ਦੇ ਨਾਲ ਵਿਦੇਸ ਦੇ ਵੀ ਕਈ ਰੇਡਿਉ ਚਲਾਏ।



ਉਸਦੀ ਮੁਨਫਰੀਦੀ ਦੀ ਸਭ ਤੋਂ ਵੱਡੀ ਵਜ੍ਹਾ ਉਸਦੀ ਹਲੀਮੀ ਉਸਦੀ ਮਿਠਾਸ ਭਰੀ ਗੱਲਬਾਤ ਅਤੇ ਸੋਹਣੀ ਸੋਚ ਹੈ । ਉਹ ਪੰਜਾਬ,ਪੰਜਾਬੀ ਅਤੇ ਪੰਜਾਬੀਅਤ ਦਾ ਫਿਕਰ ਲੈ ਕੇ ਜੰਮਿਆ ਏ । ਉਸਦਾ ਅੰਦਾਜਏ ਬਿਆਂ ਉਸਦੀ ਪੇਸ਼ਕਾਰੀ ਨੂੰ ਬਿਹਤਰ ਤੋਂ ਬਿਹਤਰੀਨ ਬਣਾ ਦਿੰਦਾ ਏ ।

ਜਿੰਦਗੀ ਵਿੱਚ ਤਮਾਮ ਦੁਸ਼ਵਾਰੀਆਂ ਨੂੰ ਖਿੜੇ ਮੱਥੇ ਸਵੀਕਾਰ ਕਰਦਾ ਹੋਇਆ ਉਹ ਅੱਜ ਉਸ ਮੁਕਾਮ ‘ਤੇ ਜਿੱਥੇ ਉਸਦੇ ਨਾਮ ਨਾਲ ਉਸਦਾ ਹੁਨਰ ਉਸਦਾ ਖੇਤਰ ਮਾਣਯੋਗ ਹੋ ਜਾਂਦਾ ਏ । ਉਹ ਦੱਸਦਾ ਏ ਕਿ ਜ਼ਿੰਦਗੀ ਵਿੱਚ ਐਸਾ ਵਕਤ ਵੀ ਦੇਖਿਆ ਕਿ ਲੱਗਦਾ ਸੀ ਟੁੱਟ ਜਾਵਾਂਗਾ,ਪਰ ਦਿਲ ਕਹਿੰਦਾ ਸੀ ਮਿਹਨਤ ਕਰਦਾ ਜਾਹ,ਵਕਤ ਹਾਲਾਤ ਦਿਨ ਰਾਤ ਬਦਲ ਜਾਣਗੇ।ਫਿਰ ਐਸੀ ਸਵੇਰ ਨੇ ਦਸਤਕ ਦਿੱਤੀ ਕਿ ਹਾਲ,ਹਾਲਾਤ,ਦਿਨ ,ਰਾਤ ਸਭ ਬਦਲ ਗਏ।

ਉਸਦੀਆਂ ਪ੍ਰਾਪਤੀਆਂ ਬੇਸ਼ੁਮਾਰ ਨੇ। ਉਸਦੇ 2017 ਦਾ ਉਲੰਪਿਕ ਹੋਸਟ ਕੀਤਾ, 2019 ਵਾਲਾ ਮੀਡੀਆ ਤੇ ਜਰਨਲਿਜ਼ਮ ਦਾ ਏਸ਼ੀਆ ਅਵਾਰਡ ਹਾਸਿਲ ਕੀਤਾ ਤੇ ਇਸ ਤੋਂ ਇਲਾਵਾ ਬੇਹਿਸਾਬ ਐਸੇ ਮਾਣ ਸਨਮਾਨ ਨੇ ਜੋ ਆਉਣ ਵਾਲਿਆਂ ਨੂੰ ਉਤਸ਼ਾਹਿਤ ਕਰਦੇ ਨੇ। ਉਸਨੂੰ ਪਾਕਿਸਤਾਨ ਦੇ ਅਜੀਮ ਫਨਕਾਰ ਅਮਾਨਤ ਚੰਨ ਸਾਬ ਦੀ ਕਲਾਕਾਰੀ ਨੇ ਬੇਹੱਦ ਪ੍ਰਭਾਵਿਤ ਕੀਤਾ । ਗਗਨਦੀਪ ਸਹਿਯੋਗ ਦੀ ਗੱਲ ਕਰਦਿਆਂ ਦੱਸਦਾ ਹੈ ਕਿ ਪਰਿਵਾਰ ਦੇ ਨਾਲ ਨਾਲ ਸੁਖਵਿੰਦਰ ਕਲਸੀ (ਰੋਜਾਨਾ ਅਜੀਤ) ਅਤੇ ਸਮਸੇਰ ਸਿੰਘ ਰਾਏ (ਇੰਗਲੈਂਡ) ਹੋਰਾਂ ਨੇ ਵੀ ਮੇਰਾ ਬਹੁਤ ਸਾਥ ਦਿੱਤਾ ਅਤੇ ਮੁਸਕਿਲ ਦੌਰ ਵਿੱਚ ਮੈਨੂੰ ਹਮੇਸਾ ਹੌਸਲਾ ਦਿੱਤਾ।

ਦੁਆ ਹੈ ਕਿ ਪੰਜਾਬੀ ਮਾਂ ਬੋਲੀ ਦਾ ਇਹ ਮਹਾਨ ਬੁਲਾਰਾ ਲੰਮੀਆਂ ਉਮਰਾਂ ਮਾਣੇ ਤੇ ਇਸੇ ਤਰਾਂ ਪੰਜਾਬ,ਪੰਜਾਬੀ ਤੇ ਪੰਜਾਬੀਅਤ ਨੂੰ ਆਪਣੇ ਸੋਹਣੇ ਬੋਲਾਂ ਨਾਲ ਮਾਣ ਦਿਵਾਉਂਦਾ ਰਹੇ। ਆਮੀਨ!

-ਮੋਬਾ: 99156-81496

## ਬਾਲਸਭਾ

### ਆਓ ਪੰਛੀਓ

ਵਿਵੇਕ ਕੋਟ ਈਸੇ ਖਾਂ

ਆਓ ਪੰਛੀ ਦਾਣਾ ਖਾਓ।
ਮੈਨੂੰ ਵੀ ਉੱਡਣਾ ਸਿਖਾਓ॥

ਉੱਡ ਕੇ ਅੰਬਰ ਤੇ ਜਾਵਾਂ।
ਰੁੱਖਾਂ ਉੱਪਰ ਘਰ ਬਣਾਵਾਂ॥

ਨਵੀਂ ਮੰਜਲ ਨਵੇਂ ਵਿਚਾਰ।
ਨਵੇਂ ਸਾਥੀ ਨਵਾਂ ਸੰਸਾਰ। ।

ਉੱਡ ਕੇ ਏਥੋਂ ਜਾਵਾਂ ਦੂਰ।
ਰਹਾਂ ਨਾ ਹੁਣ ਮੈਂ ਮਜਬੂਰ। ।

ਬੈਠਾਂਗਾ ਦਰਿਆ ਕਿਨਾਰੇ।
ਕੁਦਰਤੀ ਜਿੱਥੇ ਹੋਣ ਨਜ਼ਾਰੇ। ।

ਪੂਰੀ ਹੋਵੇ ਮਨ ਦੀ ਉਡਾਨ।
ਨੇੜੇ ਨੇੜੇ ਲੱਗੇ ਅਸਮਾਨ। ।

ਕਰਨੀ ਮਿਹਨਤ ਸਿੱਖ ਜਾਵਾਂ।
ਕੰਮ ਤੋਂ ਕਦੇ ਨਾ ਜੀ ਚੁਰਾਵਾਂ॥

ਇਹੋ ਮੇਰੇ ਮਨ ਦੀ ਮੁਰਾਦ।
ਘੁੰਮਾਂ ਫਿਰਾਂ ਹੋ ਕੇ ਆਜਾਦ। ।

-ਮੋਬਾ: 70099 46458

### ਨੰਨ੍ਹੇ ਕਲਾਕਾਰ

ਪੇਂਟਿੰਗ: ਮੋਹਿਤ ਅਰੋੜਾ



### ਜਨਮ ਦਿਨ ਮੁਬਾਰਕ


ਮਨਰਾਜ ਕੌਰ ਧਨੋਆ


ਅਮਰੀਨ ਕੌਰ


ਨਮਨਜੋਤ ਸਿੰਘ


ਹਰਗੁਨਪ੍ਰੀਤ ਕੌਰ ਔਲਖ


ਕਵਿਸ਼ ਮਿੱਤਲ


ਮਨੰਤਪ੍ਰੀਤ